**Eschborn**
**13.02.2005**

# ਦਮਦਮੀ ਟਕਸਾਲ, ਨਿਰਮਲੇ ਸੰਤ ਅਤੇ ਇਹ ਪ੍ਰਾਣੀ

ਦਾਸ ਸਿਰਜਣਹਾਰ ਅਕਾਲ ਪੁਰਖ ਪ੍ਰਮਾਤਮਾਂ, ਵਾਹਿਗੁਰੂ ਦਾ ਅਣਗਿਣਤ ਵਾਰ, ਲੱਖ ਲੱਖ ਸ਼ੁਕਰਗੁਜ਼ਾਰ ਹੈ ਜੋ ਇਸ ਆਤਮਾਂ ਨੂੰ ਇਕ ਨਿਰਮਲੇ ਸੰਤ ਪ੍ਰਵਾਰ ਵਿਚ ਜਨਮ ਮਿਲਿਆ, ਮੇਰੇ ਨਾਮ ਨਾਲ ਸਿਖਰ ਚੰਗੇ ਅਤੇ ਪਵਿਤ੍ਰ ਨਾਮ 'ਸਿੰਘ' ਦੀ ਬਖਸ਼ਿਸ਼ ਹੋਈ ਅਤੇ ਉਸ ਵੱਲੋਂ ਆਪਣੇ ਬਾਹਰੀ ਸਰੂਪ ਗੁਰਬਾਣੀ ਨੂੰ ਸੁਣਨ ਅਤੇ ਪੜ੍ਹਨ ਦਾ ਅਤੇ ਪੜ੍ਹਕੇ ਸੁਣਾਉਣ ਦਾ ਸੁਭਾਗ ਪ੍ਰਾਪਤ ਹੋਇਆ। ਹਾਂ, ਸਭ ਤੋਂ ਉਤਮ ਜੋ ਕਰਤੇ ਨੇ ਬਚਪਨ ਵਿਚ ਹੀ ਨਸੀਬੀਂ ਕੀਤਾ, ਉਹ ਸੀ: ਇਸੇ ਰੱਬੀ ਬਾਣੀ ਨੂੰ ਪੜ੍ਹਦਿਆਂ ਸੁਣਦਿਆਂ ਰੁਹਾਨੀਅਤ ਦੇ ਇਕ ਅਦਭੁਤ ਨਿਆਰੇ, ਦੈਵੀ, ਰੱਬੀ ਸੁਖ, ਅਨੰਦ, ਰਸ ਦਾ ਅਨੁਭਵ, ਜਿਸ ਤੁਲ ਕੋਈ ਹੋਰ ਦੁਨਿਆਵੀ ਸੁੱਖ, ਅਨੰਦ ਜਾਂ ਰਸ ਨਾ ਉਦੋਂ ਸੀ, ਨਾ ਅੱਜ ਹੈ ਅਤੇ ਨਾ ਹੀ ਭਲਕ ਹੋਣਾਂ ਹੈ। ਇਹ ਅਜਿਹੀ ਅਨਮੋਲ ਬਖਸ਼ਿਸ ਸੀ ਜਿਸ ਨੇ ਰੱਬ ਦੀ ਹੋਂਦ ਅਤੇ ਹਸਤੀ ਉਤੇ ਵਿਸ਼ਵਾਸ ਨੂੰ ਇਸ ਆਤਮਾਂ ਲਈ ਸਦੀਵੀਂ ਕੀਤਾ। ਇਕ ਬਖਸ਼ਿਸ਼ ਜੋ ਹੋਰ ਨਸੀਬ ਹੋਈ ਉਹ ਇਹ ਕਿ ਕਰਤੇ ਦੀ ਰੱਬੀ ਬਾਣੀ ਨੂੰ ਪੜ੍ਹਦਿਆਂ, ਸੁਣਦਿਆਂ ਜੋ ਬਹੁਤ ਹੀ ਜਰੂਰੀ ਸੀ, ਉਹ ਦਿਮਾਗ ਵਿਚ ਸਦੀਵੀ ਯਾਦ ਬਣਕੇ ਅੰਕਤ ਹੋ ਜਾਣਾਂ। ਇਸ ਦਾ ਕੁਝ ਸਾਰਅੰਸ਼: ਇਥੇ ਹੀ ਪੂਰਣ ਜੀਵਨ ਜਾਚ ਹੈ ਜੋ ਨਾ ਅਨਿਆਈ ਕਿਸੇ ਨੂੰ ਕੋਈ ਭੈਅ ਦੇਦੀਂ ਹੈ ਅਤੇ ਨਾ ਅਨਿਅਈ ਕਿਸੇ ਦਾ ਭੈਅ ਹੀ ਕਬੂਲ ਕਰਦੀ ਹੈ। ਜਿਸ ਪੂਰਣ ਜੀਵਨ ਜਾਚ ਦਾ ਪਾਂਧੀ ਸੰਸਾਰ ਉਤੇ ਅਮਨ ਸਮੇਂ ਭਗਤੀ ਵਿਚ ਲੀਨ ਸੰਤ ਤਾਂ ਹੈ ਪਰ ਜਦ ਤੱਕ ਸੰਸਾਰ ਉਤੇ ਇਹ ਸਦੀਵੀ ਅਮਨ ਸਥਾਪਤ ਨਹੀਂ ਉਦ ਤੱਕ ਇਹ ਸੰਤ ਹਮੇਸ਼ਾਂ ਯਤਨਸ਼ੀਲ ਇਨਕਲਾਬੀ ਸਿਪਾਹੀ ਵੀ ਹੈ। ਇਹ ਸੰਤ ਸਿਪਾਹੀ ਆਪਣੇ ਸਿਰ ਨੂੰ ਗੁਰੂ ਦੀ ਇਮਾਨਤ ਦੇ ਪ੍ਰਣ ਨਾਲ ਇਸ ਨਾਨਕ ਦਰ ਦਾ ਹੋਇਆ ਹੁੰਦਾ ਹੈ ਅਤੇ ਅਜਿਹਾ ਸੂਰਾ ਹੈ ਜੋ ਨਿਰਸਵਾਰਥ ਦੀਨ, ਨੇਕੀ ਅਤੇ ਪਰਉਪਕਾਰ ਹਿੱਤ ਪਹਿਲੋਂ ਗਲਬਾਤ (ਡਿਪਲੋਮੇਸੀ) ਦੇ ਹਰ ਹੀਲੇ ਵਸੀਲੇ ਨੂੰ ਵਰਤਕੇ ਜਾਲਮ ਜਰਵਾਣੇਂ ਤੋਂ ਜੁਲਮ ਦਾ ਖਾਤਮਾਂ ਅਤੇ ਖੋਹੇ ਹੱਕਾਂ ਦੀ ਵਾਪਸੀ ਚਾਹੁੰਦਾ ਹੈ। ਪਰ ਅਸਫਲ ਰਹਿ ਜਾਣ ਮਗਰੋਂ ਅੰਤ ਰਣ ਤੱਤੇ ਵਿਚ ਨਿਕਲਦਾ ਹੈ, ਪੁਰਜਾ ਪੁਰਜਾ ਕਟ ਮਰਦਾ ਹੈ। ਪਰ ਨਾ ਤੇ ਰਣ ਤੱਤੇ ਚੋਂ ਹੀ ਕਦੇ ਪੈਰ ਪਿਛਾਂਹ ਧਰਦਾ ਹੈ ਅਤੇ ਨਾ ਹੀ ਕੋਈ ਦੁਸ਼ਮਨ ਇਸ ਨੂੰ ਮਾਨਸਿਕ ਅਤੇ ਜਿਸਮਾਨੀ ਤਸੀਹਿਆਂ ਦੀ ਸਿਖਰ ਨਾਲ ਆਪਣੇ ਅਕੀਦੇ ਤੋਂ ਹੀ ਕਦੇ ਪੈਰ ਪਿਛਾਂਹ ਧਰ ਜਾਣ ਲਈ ਡੁਲਾ ਹੀ ਸਕਦਾ ਹੈ। ਸਿਖੀ ਸਿਦਕ ਨਾਲ ਨੇਕੀ ਦੀ ਜਿਤ ਦਾ ਪ੍ਰਚਮ ਲਹਿਰਾਕੇ ਹੀ ਦਮ ਲੈਂਦਾ ਹੈ ਅਤੇ ਪਰਉਪਕਾਰ ਹਿਤ ਸੰਗ੍ਰਾਮ ਲੜਕੇ ਕੀਤੀ ਜਿਤ ਦਾ ਸਿਹਰਾ ਵੀ ਆਪਣੇ ਸਿਰਜਣਹਾਰ ਅਕਾਲਪੁਰਖ ਵਾਹਿਗੁਰੂ ਨੂੰ ਹੀ ਦੇਂਦਾ ਹੈ। ਇਹ ਅਜਿਹਾ ਧਰਮੀ ਨਿਆਂਪੂਰਕ ਪਰਉਪਕਾਰੀ ਪੂਰਨ ਪੁਰਸ਼ ਹੈ ਜਿਸ ਕੋਲ ਨਿਰਸਵਾਰਥ ਹੋਣ ਦਾ ਅਨਮੋਲ ਗੁਣ ਹੋਣ ਕਰਕੇ ਜਿਥੇ ਇਹ ਆਪਣੇ ਰੱਬ ਵਾਰੇ, ਇਸ ਸੰਸਾਰ ਉਤੇ ਆਪਣੀ ਜਿੰਦਗੀ ਦੇ ਉਦੇਸ਼ ਵਾਰੇ ਅਤੇ ਉਸਦੀ 'ਕਿਵੇਂ ਪੂਰਤੀ' ਵਾਰੇ, ਆਪਣੇ ਗੁਰੂ ਦੇ ਸੱਚ ਤੋਂ ਜਾਣੂੰ ਹੈ ਉਥੇ ਇਹ ਆਪਣੇ ਚੁਗਿਰਦੇ ਵਾਪਰ ਰਹੇ ਵਿਚ ਵੀ ਸੱਚ ਅਤੇ ਸੱਚੇ ਤੋਂ ਵੀ ਅਤੇ ਇਨਾਂ ਦੀ ਰਾਖੀ ਲਈ ਹਮੇਸ਼ਾਂ ਜਾਗਦਾ ਹੈ, ਯਤਨਸ਼ੀਲ ਹੈ, ਸੰਘਰਸ਼ਮਈ ਹੈ।

ਜੋ ਹੋਰ ਵਿਰਸੇ ਵਿਚ ਆਪਣੇ ਵਡੇਰਿਆਂ ਵੱਲੋਂ ਗੁਰੂ ਆਸਰੇ ਬਖਸ਼ਿਸ਼ ਹੋਇਆ, ਉਹ ਆਪਣੀ ਹਰ ਰੋਜ਼ ਦੀ ਕੀਤੀ ਜਾਂਦੀ ਅਰਦਾਸ ਜਿਸ ਵਿਚ ਜਿਥੇ ਸਰਬੱਤ ਦਾ ਭਲਾ ਮੰਗਿਆ ਜਾਂਦਾਂ ਹੈ ਉਥੇ ਇਸ ਵਿਚ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਦਾ, ਸਰਬੱਤ ਦੇ ਭਲੇ ਲਈ ਖੁਦ ਜਾਗਦੇ ਅਤੇ ਯਤਨਸ਼ੀਲ ਹੁੰਦਿਆਂ, ਸੰਸਾਰ ਉਤੇ ਸਦੀਵੀ ਅਮਨ ਸ਼ਾਂਤੀ ਦੀ ਸਥਾਪਤੀ ਲਈ ਦਿੱਤੀਆਂ ਰੁਹਾਨੀ, ਅਦਭੁਤ, ਲਾਸਾਨੀ ਸ਼ਹਾਦਤਾਂ ਅਤੇ ਸ਼ਹੀਦੀਆਂ ਦਾ ਸੁਨਿਹਰੀ ਇਤਿਹਾਸ ਵੀ ਯਾਦ ਕੀਤਾ ਜਾਂਦਾ ਹੈ। ਇਸ ਨਾਲ ਇਸ ਆਤਮਾਂ ਨੂੰ ਮੇਰੇ ਨਾਮ ਨਾਲ ਲੱਗੇ ਸਿੰਘ ਦੇ ਪਵਿਤਰ ਅਰਥਾਂ ਦੀ ਕੁਝ ਸੋਝੀ ਪਈ। ਇਸ ਸੋਝੀ ਨੇ ਪੂਰਣ ਚੰਗਿਆਈ ਦੇ ਹੀ ਪ੍ਰਤੀਕ ਆਪਣੇ ਧਰਮ ਅਤੇ ਆਪਣੀ ਕੌਮ ਪ੍ਰਤੀ ਸਿਖਰ ਸਤਿਕਾਰ ਨੂੰ ਆਤਮਾਂ ਵਿਚ ਸਦੀਵੀ ਕਰ ਦਿੱਤਾ। ਮੇਰੇ ਨਾਮ ਨਾਲ ਲੱਗੇ ਸਿੰਘ ਦੇ ਪਵਿਤਰ ਅਰਥਾਂ ਦੀ ਕੁਝ ਸੋਝੀ ਨੇ ਇਹ ਪਰਪੱਕ ਕਰਵਾਇਆ ਕਿ ਐ ਪ੍ਰਾਣੀ ਤੂੰ ਅੱਤ ਚੰਗਾ ਨਾਮ ਤਾਂ ਧਰਾ ਲਿਆ ਹੈ। ਤੇਰੇ ਲਈ ਇਹ ਘੱਟੋ ਘੱਟ ਜਰੂਰੀ ਹੈ: ਇਹ ਚੰਗਾ ਪਵਿਤ੍ਰ ਨਾਮ ਧਰਾਕੇ ਜੇ ਤੂੰ ਆਪਣੇ ਪੂਰਨ ਪਵਿਤ੍ਰ ਧਰਮ ਦਾ, ਆਪਣੀ ਕੌਮ ਅਤੇ ਮਨੁਖਤਾ ਦਾ ਆਪਣੇ ਕਿਰਦਾਰ ਨਾਲ ਕੋਈ ਭਲਾ ਨਾ ਕਰ ਸਕਦਾ ਹੋਇਆ ਤਾਂ ਖਿਆਲ ਰੱਖੀਂ ਕਿ ਕਿਧਰੇ ਤੇਰੇ ਵੱਲੋਂ ਤੇਰੇ ਕਿਰਦਾਰ ਨਾਲ, ਤੇਰੇ ਵਿਵਹਾਰ ਨਾਲ ਸਿਖ ਜਾਂ ਸਿੰਘ ਨਾਮ, ਸਿਖ ਧਰਮ ਅਤੇ ਸਿਖ ਕੌਮ ਨਾਲ ਜੁੜੀ ਪਵਿਤ੍ਰਤਾ ਨੂੰ ਵੀ ਕਿਸੇ ਤਰਾਂ ਦੀ ਆਂਚ ਨਾ ਆ ਜਾਵੇ।

ਨਿਰਮਲੇ ਸੰਤ ਪਰਵਾਰ ਵਿਚ ਜਨਮ ਨਾਲ ਵਿਰਸੇ ਵਿਚ ਮਿਲੀਆਂ ਹੋਰ ਵੀ ਅਣਗਿਣਤ ਅਨਮੋਲ ਬਖਸ਼ਿਸ਼ਾਂ ਸਨ ਪਰ ਜਦ ਜਵਾਨੀ ਨੇ ਅੱਖ ਖੋਹਲੀ ਤਾਂ ਅਤਮਾਂ ਨੇ ਸਮਾਜਵਾਦੀ ਵਿਚਾਰਧਾਰਾ ਅਤੇ ਇਸ ਵਿਚੋਂ ਜਨਮੀ ਨਕਸਲਬਾੜੀ ਲਹਿਰ ਦਾ ਪ੍ਰਭਾਵ ਕਬੂਲ ਕੀਤਾ ਅਤੇ ਕਾਣੀ ਵੰਡ ਦੇ ਜ਼ੁਲਮ ਨੂੰ ਖਤਮ ਕਰਕੇ ਬਰਾਬਰਤਾ ਅਤੇ ਨਿਆਂਪੂਰਕ ਸੰਸਾਰ ਸਿਰਜਣ ਲਈ ਹਥਿਆਰਬੰਦ ਸੰਘਰਸ਼ ਲਈ ਨਿਤਰੇ ਇਨਕਲਾਬੀ ਹੀ 1980 ਤੱਕ ਭਾਰਤ ਵਿਚ, 1981 ਦੇ ਸ਼ੁਰੂ ਵਿਚ ਭਾਰਤ ਛੱਡਣ ਸਮੇਂ ਤੱਕ ਅਤੇ ਜੂਨ ਚੌਰਾਸੀ ਤੱਕ ਆਪਣੇ ਸੰਗੀ ਸਾਥੀ ਦਿਸੇ ਅਤੇ ਰਹੇ। ਜੂਨ 1984 ਚੌਰਾਸੀ: ਹੁਣ ਤੇ ਸਾਡੇ ਹੀ ਲਹੂ ਮਾਸ ਨਾਲ ਮਜ਼ਲੂਮ ਤੋਂ ਹਾਕਮ ਹੋਇਆਂ ਵੱਲੋਂ ਸਿਖਰ ਦੇ ਅਕ੍ਰਿਤਘਣ ਅਤੇ ਜਾਬਰ ਹੁੰਦਿਆਂ, ਸ੍ਰੀ ਹਰਿਮੰਦਰ ਸਾਹਿਬ ਉਤੇ ਫੌਜੀ ਧਾਵੇ ਨਾਲ ਮੇਰੀ, ਮੇਰੀ ਪ੍ਰਉਪਕਾਰੀ ਕੌਮ ਦੀ ਪੱਤ ਨੂੰ ਲਾਹ ਕੇ ਹੀ ਰੋਲ ਦਿੱਤਾ ਗਿਆ ਸੀ।

ਇਥੋਂ ਤੱਕ ਜੋ ਦਾਸ ਵਾਰੇ ਬਾਕੀ ਰਹਿ ਗਿਆ ਹੈ ਜਾਂ ਜਿਸ ਦਾ ਵਿਸਥਾਰ ਰਹਿ ਗਿਆ ਹੈ, ਉਹ ਪਹਿਲਾਂ ਹੀ ਪੰਥ ਅੱਗੇ ਉਸ ਦਿਨ ਤੋਂ ਪਿਆ ਹੈ ਜਿਸ ਦਿਨ ਬੱਬਰ ਖਾਲਸਾ ਇੰ ਜਰਮਨੀ ਦੇ ਪ੍ਰੈਸ ਸਕੱਤ੍ਰ ਹੁੰਦਿਆਂ ਹੋਇਆਂ, ਪਹਿਲੀ ਵਾਰ 'ਸਿਖ ਧਰਮ ਵਿਚ ਔਰਤਾਂ ਦੇ ਹੱਕ' ਵਿਸ਼ੇ ਨਾਲ ਸਬੰਧਤ ਆਪਣੇ ਨਿੱਜੀ ਵਿਚਾਰਾਂ ਨੂੰ ਪੰਥ ਅੱਗੇ ਰੱਖਣਾਂ ਪੈ ਗਿਆ ਸੀ ਅਤੇ ਇਸੇ ਹੀ ਪਿਆਰੇ 'ਦੇਸ ਪੰਜਾਬ' ਦੇ ਅੰਕ ਮਈ 2003 ਵਿਚ ਛਪਕੇ ਸਿਖ ਸੰਗਤਾਂ ਦੀ ਕਚਿਹਰੀ ਵਿਚ ਆਏ।

ਦਾਸ ਵਾਰੇ ਬਾਕੀ ਨੂੰ ਅਤੇ ਤੁਛ ਜਹੇ ਵਿਚਾਰਾਂ ਨੂੰ ਮੇਰੇ ਗੁਰੂ ਦੀ ਧਰਤ ਤੋਂ ਛਪਦੇ ਮੇਰੇ ਪ੍ਰਮ ਪਿਆਰੇ, ਸਤਿਕਾਰੇ ਇਸ ਮਾਸਿਕ ਪੇਪਰ 'ਦੇਸ ਪੰਜਾਬ' ਦੇ ਪ੍ਰਬੰਧਕੀ ਵੀਰ, ਅੰਕ ਅਕਤੂਬਰ 2004 ਦੁਆਰਾ, ਦਾਸ ਦੇ 23.8.2004 ਨੂੰ ਜਥੇਬੰਦੀ ਦੇ ਅਹੁਦੇ ਅਤੇ ਹਰ ਤਰਾਂ ਦੀ ਜਿੰਮੇਵਾਰੀ ਤੋਂ ਦਿੱਤੇ ਅਤੇ ਇਸੇ ਦਿਨ ਤੋਂ ਹੀ ਲਾਗੂ ਅਸਤੀਫੇ ਦੇ ਲਫਜਾਂ ਨੂੰ ਹੂਬਹੂ ਖਾਲਸਾ ਪੰਥ ਦੀ ਸੱਥ ਵਿਚ ਰੱਖਕੇ ਜਾਣੂੰ ਕਰਵਾ ਹੀ ਚੁੱਕੇ ਨੇ।

ਦਾਸ ਦੀਆਂ ਨਜ਼ਰਾਂ ਵਿਚ ਇਸ 'ਦੇਸ ਪੰਜਾਬ' ਦੇ ਪ੍ਰਬੰਧਕੀ ਵੀਰ ਨਿਰਸਵਾਰਥੀ ਸੇਵਾ ਕਰਨ ਵਾਲੇ ਮੇਰੇ ਗੁਰੂ ਦੇ ਅਤਿ ਪਿਆਰੇ ਸਿੰਘ ਨੇ, ਜੋ ਇਹ ਧਾਰ ਤੁਰਿਓ ਨੇ ਕਿ ਗੁਰਾਂ ਦੀ ਧਰਤ, ਗੁਰੂਆਂ ਵੱਲੋਂ ਜੋ ਸਿਖੀ ਕ੍ਰਿਦਾਰ ਦਾ ਪਵਿਤ੍ਰ ਚਿਰਾਗ ਰੌਸ਼ਨ ਕੀਤਾ ਹੋਇਆ ਹੈ, ਉਸ ਨੂੰ ਬੁਝਣ ਨਹੀ ਦੇਣਾਂ।

ਸਿਖ ਤਾਂ ਬੜੀ ਦੂਰ, ਆਪਣੇ ਬਜੁਰਗਾਂ ਜਿਹਾ ਕੋਲ ਸੁੰਦਰ ਸਰੂਪ ਵੀ ਨਹੀਂ ਅਤੇ ਨਾ ਕੋਈ ਗੁਣ, ਨਾ ਭਗਤੀ। ਫਿਰ ਵੀ ਗੁਰੂ ਆਸਰੇ ਆਪਣੇ ਜੀਉਂਦੇ ਜਾਗਦੇ ਰੱਬ ਸਿਰਜਣਹਾਰ ਅਕਾਲਪੁਰਖ ਦੀ ਨੇੜਤਾ ਦਾ ਜਿਥੇ ਅਨਮੋਲ ਸੁੱਖ ਮਹਿਸੂਸ ਹੈ ਅਤੇ ਜਿਥੇ ਹੋਰ ਕੋਈ ਨਹੀਂ, ਉਥੇ ਉਸ ਦੀ ਰੱਖ ਨੂੰ ਵੀ ਭਾਰਤ ਵਿਚ ਹੁੰਦਿਆਂ ਹੀ ਪਰਤੱਖ ਵੇਖਿਆ ਹੈ ਉਥੇ ਇਸੇ ਹੀ ਕਰਤਾ ਦੀ ਮੌਜ ਤੇ ਪ੍ਰਗਟਿਓ ਉਸੇ ਦੇ ਖਾਲਸੇ ਨੇ, ਨਾਨਕ ਦਰ ਦੇ ਇਸ ਸ਼ਰਥਾਲੂ ਨੂੰ ਕਦੇ ਨਿਰਾਸ਼ ਨਹੀਂ ਹੋਣ ਦਿਤਾ। ਕਿਵੇਂ: ਇਸ ਲਈ ਕਿ ਗੁਰੂਆਂ ਦੀ ਧਰਤ, ਗੁਰੂਆਂ ਵੱਲੋਂ ਜੋ ਸਿਖੀ ਕ੍ਰਿਦਾਰ ਦਾ ਪਵਿਤ੍ਰ ਚਿਰਾਗ ਰੌਸ਼ਨ ਕੀਤਾ ਹੋਇਆ ਹੈ, ਜਿਸ ਨੇ ਖਾਲਸਾ ਰਾਜ ਦੀ ਸਿਰਜਣਾਂ ਕਰਨੀ ਹੈ, ਉਸ ਦਾ ਧਾਰਨੀ ਮੇਰੇ ਗੁਰੂ ਦਾ ਸੱਚਾ ਸੁੱਚਾ ਸਿਖ, ਬਬੇਕ ਬੁਧ ਦਾ ਮਾਲਕ ਖਾਲਸਾ, ਅਜੇ ਜਾਗਦਾ ਹੈ, ਸੁਚੇਤ ਹੈ, ਸੰਘਰਸ਼ਮਈ ਹੈ ਅਤੇ ਬੇਖੌਫ ਅਡੋਲ, ਸਿਦਕ ਨਾਲ, ਭਾਵੇਂ ਇਕ ਪੈਰ ਘੱਟ, ਪਰ ਮੜਕ ਨਾਲ ਆਪਣੀ ਮੰਜ਼ਿਲ ਵਲ ਨੂੰ ਨਿਰੰਤਰ ਤੁਰਦਾ ਆ ਰਿਹਾ ਹੈ। ਇਹ ਕਾਫਲਾ ਵੱਡਾ ਹੀ ਵੱਡਾ ਹੋ ਰਿਹਾ ਹੈ। ਅਕਾਲ ਪੁਰਖ ਨੇ ਆਪਣੀਂ ਕਲਾ ਵਰਤਾਕੇ ਇਹ ਕਾਫਲਾ ਵੱਡੇ ਤੋਂ ਵੱਡਾ ਕਰੀ ਜਾਣਾਂ ਹੈ, ਮੈਨੂੰ ਆਪਣੇ, ਆਪਣੇ ਪੰਥ ਦੇ ਸਰਬਸ਼ਕਤੀਮਾਨ ਅਕਾਲ ਪੁਰਖ ਉਤੇ ਇਹ ਹੀ ਪੂਰਨ ਭਰੋਸਾ ਹੈ।

'ਦੇਸ ਪੰਜਾਬ' ਦਾ ਤੇ ਹੁਣ ਤੱਕ ਦਾ ਹਰ ਇਕ ਅੰਕ ਹੀ ਇਸ ਪ੍ਰਾਣੀ ਦਾ ਮਾਣ ਹੈ, ਤਾਣ ਹੈ ਅਤੇ ਹੁਣ ਅੰਕ ਦਸੰਬਰ 2004 ਵਿਚ ਹੋਰ ਤੋਂ ਇਲਾਵਾ ਮਹਾਨ ਸਿਖ ਵਿਦਵਾਨ ਭਾਈ ਰਤਨ ਸਿੰਘ ਜੀ ਦੀ ਮਹਾਨ ਕਿਰਤ 'ਪੰਥ ਪ੍ਰਕਾਸ਼' ਦੇ ਪ੍ਰਸੰਗ ਵਿਚ ਪੰਥ ਦਾ ਤਸੱਵਰ -ਲੇਖਕ ਪ੍ਰ ਪਿਆਰਾ ਸਿੰਘ ਪਦਮ, ਗੁਰਮਤਿ ਅਨੁਸਾਰ ਇਤਿਹਾਸ ਤੇ ਇਤਿਹਾਸਕਾਰੀ ਦਾ ਸਿਧਾਂਤ - ਲੇਖਿਕ ਡਾ ਤਾਰਨ ਸਿੰਘ ਅਤੇ ਭਾਈ ਸਿਮਰਨਜੀਤ ਸਿੰਘ ਮਾਨ ਦੇ ਮਾਰਕਸਵਾਦ (ਮਾਓਵਾਦ ), ਕਾਮਰੇਡਾਂ ਅਤੇ ਨਕਸਲਵਾੜੀ ਲਹਿਰ ਨਾਲ ਸਬੰਧਤ ਇਨਕਲਾਬੀਆਂ ਵਾਰੇ ਸਿਖ ਧਰਮ ਅਤੇ ਇਤਿਹਾਸ ਦੀ ਰੌਸ਼ਨੀ ਵਿਚ ਅਤਿ ਸੁਲਝੇ ਵਿਚਾਰਾਂ ਸਮੇਤ, ਦੇਸ ਪੰਜਾਬ ਦੇ ਜਨਵਰੀ, ਫਰਵਰੀ 2005 ਦੇ ਪੂਰੇ ਹੀ ਅੰਕ, ਇਨਕਲਾਬੀ ਖਾਲਸੇ ਨੂੰ ਅਪਣੇ ਪਵਿਤਰ ਕਿਰਦਾਰ ਦੀ, ਪਵਿਤਰ ਇਤਿਹਾਸ ਦੀ ਅਤੇ ਪਾਤਸ਼ਾਹੀ ਲਈ ਖਾਲਸੇ ਦੇ ਤਸੱਵਰ ਦੀ ਯਾਦ ਦਿਲਾਦਿਆਂ, ਖਾਲਸਾ ਰਾਜ ਦੀ ਸਿਰਜਣਾਂ ਲਈ ਸਿਖ ਸੰਗਰਾਮ ਦਾ ਉਚੀ ਹੋਕਾ ਦੇਣ ਅਤੇ ਇਸ ਸਿਖ ਸੰਗ੍ਰਾਮ ਵਿਚ ਵਿਚਾਰਾਂ ਦੀ ਸਾਂਝ ਨਾਲ ਕੌਣ ਖਾਲਸਾ ਪੰਥ ਦੇ ਨੇੜੇ ਹੋ ਸਕਦਾ ਹੈ ਜਾਂ ਕੀਤਾ ਜਾ ਸਕਦਾ ਹੈ, ਵਿਚਾਰ ਕਰਨ ਲਈ ਹੋਇਆ ਬਹੁਤ ਹੀ ਅਨਮੋਲ ਕਾਰਜ ਹੈ। ਜਿਸ ਦੇ ਲਈ ਦੇਸ ਪੰਜਾਬ ਦੇ ਇਨਕਲਾਬੀ ਗੁਰਸਿਖ ਪ੍ਰਬੰਧਕ, ਲੇਖਿਕ ਅਤੇ ਸਹਿਯੋਗੀ ਖਾਲਸੇ, ਬਹੁਤ ਹੀ ਸ਼ਲਾਘਾ ਅਤੇ

ਸਤਿਕਾਰ ਦੇ ਪਾਤਰ ਹਨ। (ਮਾਰਕਸਵਾਦ ਅਤੇ ਸਿਖ ਧਰਮ ਵਿਸ਼ੇ ਉਤੇ ਅਪਣੇ ਅਨਭਵਾਂ ਨੂੰ ਗੁਰੂ ਚਾਹਿਆਂ ਤਾਂ ਦੇਸ ਪੰਜਾਬ ਦੇ ਕਿਸੇ ਅਗਲੇ ਅੰਕ ਵਿਚ)

ਜੋ ਹੋਰ ਇਸ ਪ੍ਰਾਣੀ ਨੂੰ ਆਪਣੇ ਨਿਰਮਲੇ ਸੰਤ ਪ੍ਰਵਾਰਾਂ ਵੱਲੋਂ ਲੜ ਬੰਨ੍ਹ ਲੈਣ ਲਈ ਸੁਣਨ ਨੂੰ ਮਿਲਿਆ ਅਤੇ ਅੱਜ ਵੀ ਉਵੇਂ ਦਾ ਉਵੇਂ ਯਾਦ ਹੈ:

1) ਜਦ ਮਾਂ ਨੇ ਵੇਖਿਆ ਕਿ ਮੇਰਾ ਪੁੱਤਰ ਹੁਣ ਉਮਰ ਲਿਹਾਜੇ ਇਸ ਯੋਗ ਹੋ ਗਿਆ ਹੈ ਕਿ ਉਸ ਦੀ ਕਹੀ ਨੂੰ ਲੜ ਬੰਨ ਸਕਦਾ ਹੈ ਤਾਂ ਦੱਸਿਆ ਕਿ ਮੇਰੇ ਲਈ ਉਹ ਕਿਹੜਾ ਨਾਮ ਹੈ ਜਿਸ ਨੂੰ ਕਿਸ ਬਿਧ ਜਪਿਆਂ, ਸਾਸ ਗਿਰਾਸ ਜਪਣ ਦੀ ਅਵਸਥਾ ਤੇ ਪਹੁੰਚਿਆਂ, ਪ੍ਰਮ ਆਤਮਾਂ ਪ੍ਰਮਾਤਮਾਂ ਦਾ ਮਿਲਾਪ ਹੋ ਸਕਦਾ ਹੈ। ਸ੍ਰੀ ਹਰਿਮੰਦਰ ਸਾਹਿਬ ਉਤੇ ਜੂਨ ਚੌਰਾਸੀ ਦੇ ਫੌਜੀ ਧਾਵੇ ਤੋਂ ਮਗਰੋਂ, ਜਿਸ ਨਾਨਕ ਦੇ ਦਰ ਦਾ ਸਾਂ, ਮਨੋਂ ਪੂਰਣ ਰੂਪ ਵਿਚ ਉਸੇ ਦਾ ਹੋ ਜਾਣ ਮਗਰੋਂ ਖਾਲਸਾ ਪੰਥ ਵਿਚ ਵੀ ਇਸੇ ਹੀ ਪ੍ਰਚਲਤ ਧਾਰਨਾਂ ਦਾ ਸਚ ਸਾਹਮਣੇ ਆਇਆ।

2) ਆਪਣੇ ਅਤੇ ਨਾਨਕੇ ਪ੍ਰਵਾਰ ਦੇ ਵਿਵਹਾਰ ਨੇ, ਰਹਿਣੀ ਬਹਿਣੀਂ ਨੇ, ਜੀਵਨ ਰਾਹ ਨੇ ਇਹ ਦ੍ਰਿੜ ਕਰਵਾਇਆ ਕਿ ਪੁੱਛਾਂ, ਧਾਗੇ, ਤਵੀਤ, ਟੂਣੇ ਮਟਾਂਣੇ, ਕਾਲਾ ਇਲਮ ਆਦਿ ਨਾਨਕ ਦਰ ਦੇ ਇਸ਼ਟ ਗੁਰਬਾਣੀ ਦੇ ਉਪਾਸ਼ਕ ਸੰਤਾਂ ਦੀ ਇਬਾਦਤ ਦਾ ਹਿੱਸਾ ਨਹੀਂ ਸਗੋਂ ਉਲਟ ਰੱਬ ਤੋਂ ਦੂਰ ਹੀ ਦੂਰ ਲਜਾਈ ਜਾਣ ਵਾਲੇ ਅਤਿ ਮਾੜੇ ਕਰਮ ਹਨ ਅਤੇ ਅੰਤ ਸਮੇਂ ਇਹ ਸਿਰ ਉਤੇ ਜਮਕਾਲ ਦਾ ਭਾਰੀ ਡੰਡਾ ਹੈ। ਇਹ ਮਾੜੇ ਕਰਮ ਖੁਦ ਤਾਂ ਕੀ ਕਰਨੇ, ਇਹ ਕਰਨ ਵਾਲਿਆਂ ਦੇ ਸੰਗੀ ਸਾਥੀ ਜਾਂ ਹਮਾਈਤੀ ਤਾਂ ਕੀ ਹੋਣਾਂ, ਇਨਾਂ ਦਾ ਪ੍ਰਚਾਰ ਕਰਨ ਵਾਲਿਆਂ ਦੀ ਸੰਗਤ ਤੋਂ ਵੀ ਬਚਣਾਂ ਹੈ।

3) ਆਪਣੇ ਬਜੁਰਗਾਂ ਦੇ ਮੁੱਖ ਤੋਂ ਜੋ ਹੋਰ ਸੁਣਨ ਨੂੰ ਮਿਲਿਆ, ਜਿਸ ਦਾ ਇਸ ਲਿਖਤ ਨਾਲ ਮੁੱਖ ਸਬੰਧ ਹੋਣ ਕਰਕੇ, ਇਸ ਲਿਖਤ ਦੀ ਸ਼ੁਰੂਆਤ ਹੋਈ ਉਹ ਇਹ ਕਿ ਸਿਖ ਧਰਮ ਸਿਖੀ, ਸਿਖ ਕਿਰਦਾਰ ਅਤੇ ਸਿਖ ਵਿਰਸੇ ਦੀ ਸੇਵਾ ਸੰਭਾਲ ਅਤੇ ਸਿਖ ਕਿਰਦਾਰ ਦੇ ਖਾਲਸ ਸਿਕੇ ਘੜਦੇ ਰਹਿਣ ਲਈ ਇਕ ਟਕਸਾਲ, ਇਕ ਯੂਨੀਵਰਸਟੀ ਦਮਦਮੀ ਟਕਸਾਲ ਦੀ ਸਥਾਪਨਾਂ, ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਵੱਲੋਂ ਆਪਣੇ ਪਵਿਤ੍ਰ ਹੱਥੀਂ ਕੀਤੀ ਹੋਈ ਹੈ। ਇਸ ਆਤਮਾਂ ਨੇ ਇਸ ਵਿਚਾਰ ਨੂੰ ਇਸ ਲਈ ਸਵੀਕਾਰ ਨਹੀਂ ਕੀਤਾ ਕਿ ਇਹ ਮੈਨੂੰ ਆਪਣੇ ਬਜੁਰਗ ਨਿਰਮਲੇ ਸੰਤਾਂ ਤੋਂ ਸੁਣਨ ਨੂੰ ਮਿਲਿਆ ਹੈ ਜਾਂ ਇਸ ਲਈ ਨਹੀ ਕਿ ਇਹ ਹੀ ਦਮਦਮੀ ਟਕਸਾਲ ਦਾ ਕਹਿਣਾਂ ਹੈ। ਸਗੋਂ ਇਸ ਲਈ ਕਿ ਹੁਣ ਤੱਕ ਆਤਮਾਂ ਨੂੰ ਇਹ ਹੀ ਦਲੀਲ ਭਾਈ ਹੈ ਕਿ ਜਿਸ ਪੂਰਣ ਪਵਿਤ੍ਰ ਧਰਮ ਨੂੰ ਅਤੇ ਕੌਮ ਨੂੰ ਸੰਪੂਰਨ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਜਨਮ ਤੋਂ ਲੈਕੇ ਅੰਮ੍ਰਿਤ ਦੀ ਦਾਤ ਨਾਲ ਖਾਲਸਾ ਪੰਥ ਦੀ ਸਿਰਜਣਾਂ ਕਰਕੇ ਸੰਪੂਰਨ ਕਰਨ ਤੱਕ, ਦੋ ਸਦੀਆਂ ਤੋਂ ਵੀ ਵੱਧ ਸਮਾਂ ਲੱਗ ਗਿਆਂ ਹੋਵੇ ਅਤੇ ਜਿਸ ਨੂੰ ਪੱਕੇ ਪੈਰੀਂ ਕਰਨ ਲਈ ਦੋ ਗੁਰੂਆਂ ਦੀਆਂ ਅਤੇ ਗੁਰੂ ਦੇ ਹੋਰ ਤਮਾਂਮ ਸਿਖਾਂ ਸੇਵਕਾਂ ਦੀਆਂ ਦੁਨੀਆਂ ਦੇ ਇਤਿਹਾਸ ਵਿਚ ਰੱਬ ਦੀ ਹੋਂਦ ਅਤੇ ਹਸਤੀ ਹੋ, ਅਦਭੁਤ ਲਾਸਾਨੀ ਬੇਮਿਸਾਲ ਸ਼ਹਾਦਤਾਂ ਵੀ ਲੱਗ ਗਈਆਂ ਹੋਣ, ਇਹ ਕਿਵੇਂ ਹੋ ਸਕਦਾ ਸੀ ਕਿ ਸਿਖਾਂ ਦੇ ਹੀ ਨਹੀਂ, ਸਗੋਂ ਇਸ ਸੰਸਾਰ ਦੇ ਵੀ ਇਸ ਅਨਮੋਲ ਖਜਾਨੀ ਦੀ ਸੇਵਾ ਸੰਭਾਲ ਲਈ ਗੁਰੂ ਸਹਿਬਾਨ ਪੰਥ ਚੋਂ ਕਿਸੇ ਨੂੰ ਵਿਸ਼ੇਸ਼ ਤੌਰ ਤੇ ਜ਼ਿਮੇਂਵਾਰ ਨਾਮਜਦ ਨਾ ਕਰਦੇ, ਇਸ ਦੇ ਬਾਵਯੂਦ ਵੀ ਕਿ ਆਮ ਤੌਰ ਦੇ ਇਹ ਹੀ ਜ਼ਿੰਮੇਵਾਰੀ ਗੁਰੂ ਵੱਲੋਂ ਹਰ ਸਿਖ ਨੂੰ ਸੰਭਾਲੀ ਹੋਈ ਹੈ?

ਜੇ ਅੱਜ ਸਿਖ ਕੌਮ, ਸਿਖ ਧਰਮ ਦੇ ਨਾਮ ਉਤੇ ਇਕ ਗੁਰੂ ਘਰ ਨੂੰ ਉਸਾਰਕੇ, ਇਸ ਦੀ ਸੇਵਾ ਸੰਭਾਲ ਲਈ, ਰਾਖੀ ਲਈ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਵਿਸ਼ੇਸ਼ ਤੌਰ ਤੇ ਜ਼ਿਮੇਵਾਰੀ ਇਕ ਗ੍ਰੰਥੀ ਨੂੰ ਅਤੇ ਕੁਝ ਪ੍ਰਬੰਧਕਾਂ ਨੂੰ ਸੌਂਪਦੀ ਹੈ ਤਾਂ ਇਹ ਕਿਵੇਂ ਹੋ ਸਕਦਾ ਸੀ ਕਿ ਦਸ ਗੁਰੂ ਜਾਮਿਆਂ ਵਿਚ ਅਤਿ ਘਾਲਣਾਂ, ਸਿਖਰ ਇਬਾਦਤ ਅਤੇ ਅਸੀਮ ਕੁਰਬਾਨੀ ਦੇ ਨਾਲ ਦੋ ਸਦੀਆਂ ਤੋਂ ਵੀ ਕਿਤੇ ਵੱਧ ਸਮੇ ਵਿਚ ਸਿਖ ਧਰਮ ਨੂੰ ਅਤੇ ਕੌਮ ਨੂੰ ਸਿਰਜਣ, ਸਥਾਪਤ ਅਤੇ ਸੰਪੂਰਨ ਕਰਨ ਵਾਲੇ ਗੁਰੂ ਸਹਿਬਾਨ, ਇਸ ਅਨਮੋਲ ਅਧਿਆਤਮਕ ਖਜਾਨੇ ਨੂੰ ਸੰਭਾਲਣ ਅਤੇ ਪ੍ਰਚਾਰਨ ਲਈ ਪੰਥ ਵਿਚੋਂ ਕਿਸੇ ਵਿਸ਼ੇਸ਼ ਨੂੰ, ਵਿਸ਼ੇਸ਼ ਤੌਰ ਤੇ ਜ਼ਮੇਂਵਾਰੀ ਨਾ ਸੌਂਪਦੇ?

ਇਸ ਲਈ ਆਤਮਾਂ ਨੇ ਇਹ ਹੀ ਸੱਚ ਸਵੀਕਾਰ ਕੀਤਾ ਹੈ ਅਤੇ ਇਸੇ ਹੀ ਸੱਚ ਨੂੰ ਜੂਨ ਚੌਰਾਸੀ ਤੱਕ ਉਜਾਗਰ ਹੁੰਦਾ ਤੱਕਿਆ ਹੈ ਕਿ ਪੂਰਨ ਦੂਰ ਦ੍ਰਿਸ਼ਟੀ ਦੇ ਮਾਲਕ ਗੁਰੂ ਗੋਬਿੰਦ ਸਿੰਘ ਜੀ ਵੱਲੋਂ, ਇਹ ਦਮਦਮੀ ਟਕਸਾਲ ਹੀ ਹੈ ਜਿਸ ਨੂੰ ਵਿਸ਼ੇਸ਼ ਤੌਰ ਉਤੇ ਸਿਖ ਧਰਮ ਸਿਖੀ, ਸਿਖ ਕਿਰਦਾਰ ਅਤੇ ਸਿਖ ਵਿਰਸੇ ਦੀ ਸੇਵਾ ਸੰਭਾਲ ਅਤੇ ਸਿਖ ਕਿਰਦਾਰ ਦੇ ਖਾਲਸ ਸਿਕੇ ਘੜਦੇ ਰਹਿਣ ਲਈ ਵਸ਼ੇਸ਼ ਤੌਰ ਉਤੇ ਜ਼ਿਮੇਵਾਰੀ ਸੰਭਾਲੀ ਹੋਈ ਹੈ। ਇਸ ਲਈ ਹੀ ਇਸ ਮਨ ਅੰਦਰ ਅਪਣੀ ਪਿਆਰੀ ਦਮਦਮੀ ਟਕਸਾਲ ਦੇ ਲਈ ਜਿਥੇ ਇਕ ਵਿਸ਼ੇਸ਼ ਸਤਿਕਾਰ ਹੈ ਉਥੇ ਵਿਸ਼ੇਸ਼ ਆਸਾਂ ਅਤੇ ਉਮੀਦਾਂ ਵੀ ਹਨ।

ਇਸੇ ਕਾਰਣ ਹੀ ਦਾਸ ਦੇ ਲਈ ਇਹ ਕਹਿ ਦੇਣਾਂ ਕਿ ਹਾਂ ਜੀ ਇਹ ਦਮਦਮੀ ਟਕਸਾਲ ਹੀ ਕਹਿੰਦੀ ਹੈ ਜਾਂ ਹਾਂ ਜੀ ਇਹ ਵੀ ਕੋਈ ਹੋਰ ਸਿਖ ਮਿਸਲਾਂ ਵਾਂਗ ਕੋਈ ਮਿਸਲ ਸੀ ਜਿਸ ਨੇ ਆਪਣੇ ਆਪ ਹੀ ਇਹ ਕਹਿਣਾਂ ਸ਼ੁਰੂ ਕੀਤਾ ਹੋਇਆ ਹੈ ਕਿ ਇਸ ਨੂੰ ਗੁਰੂ ਵੱਲੋਂ ਸਥਾਪਤ ਕੀਤਾ ਗਿਆ ਹੈ ਅਤੇ ਇਸ ਨੂੰ ਕੋਈ ਜਿਮੇਵਾਰੀ ਸੌਂਪੀ ਹੈ, ਆਪਣੇ ਗੁਰੂ ਵੱਲੋਂ ਹੀ ਆਪਣੇ ਪੂਰਨ ਧਰਮ ਨੂੰ ਅਤੇ ਖਾਲਸਾ ਪੰਥ ਨੂੰ ਸਿਰਜਣ ਤੋਂ ਸੰਪੂਰਣ ਕਰਨ ਤੱਕ, ਰਹਿੰਦੇ ਅਤਿ ਜਰੂਰੀ ਆਖਰੀ ਕਾਰਜ ਦੀ ਪੂਰਤੀ: ਸਿਖ ਧਰਮ ਦੇ ਪ੍ਰਚਾਰ, ਇਸ ਦੀ ਸੇਵਾ ਸੰਭਾਲ ਅਤੇ ਸਿਖੀ ਕਿਰਦਾਰ ਦੇ ਪੂਰਨ ਖਾਲਸ ਸਿੱਕੇ ਭਾਵ ਸਿਖ ਤਿਅਰ ਕਰਦੇ ਰਹਿਣ ਦੀ ਜ਼ਿਮੇਵਾਰੀ ਕਿਸੇ ਵਿਸ਼ੇਸ਼ ਨੂੰ ਸੌਂਪਣਾਂ, ਦੀ ਮਹੱਤਤਾ ਅਤੇ ਮਹਾਨਤਾ ਨੂੰ ਛੁਟਿਆਉਣਾਂ ਹੈ।

ਭਾਵੇਂ ਦਮਦਮੀ ਟਕਸਾਲ ਵਲੋਂ ਸ਼ਹੀਦ ਸੰਤ ਬਾਬਾ ਜਰਨੈਲ ਸਿੰਘ ਜੀ ਭਿੰਡਰਾਂਵਾਲਿਆਂ ਨੂੰ ਗੁਪਤਵਾਸ ਹੋ ਗਏ ਐਲਾਨਣ ਦੇ ਉਲਟ ਦਾਸ ਦੇ ਵਿਚਾਰਾਂ ਨੂੰ ਪ੍ਰਮ ਸਤਿਕਾਰਯੋਗ ਸਵਰਗਵਾਸੀ ਬਾਬਾ ਠਾਕਰ ਸਿੰਘ ਜੀ ਦੇ ਇਸ ਸੰਸਾਰ ਉਤੇ ਸਰੀਰਕ ਤੌਰ ਤੇ ਮਾਜੂਦ ਹੋਣ ਸਮੇ ਹੀ 'ਦੇਸ ਪੰਜਾਬ' ਦੇ ਅੰਕ ਅਕਤੂਬਰ 2004 ਦੁਆਰਾ ਪੰਥ ਦੀ ਸੱਥ ਵਿਚ ਰੱਖਿਆ ਜਾ ਚੁੱਕਾ ਹੈ ਅਤੇ ਭਾਵੇ ਇਸ ਤੋਂ ਇਲਾਵਾ ਇਕ ਦੋ ਹੋਰ ਵਿਸ਼ੇ ਵੀ ਨੇ ਜਿਨਾਂ ਉਤੇ ਦਾਸ ਅਤੇ ਦਮਦਮੀ ਟਕਸਾਲ ਦੇ ਵਿਚਾਰਾਂ ਵਿਚ ਭਿੰਨਤਾ ਹੈ, ਦੁੱਬਦਾ ਹੈ ਜਿਸ ਨੇ ਜੇ ਗੁਰੂ ਚਾਹਿਆ ਤਾਂ ਦਮਦਮੀ ਟਕਸਾਲ ਨਾਲ ਵਿਚਾਰਾਂ ਦੁਆਰਾ ਦੂਰ ਹੋਣ ਅਤੇ ਇਸ ਅਗਿਆਨੀ ਦੇ ਜਗਿਆਸੂ ਮਨ ਦੀ ਸੰਤੁਸ਼ਟਤਾ ਹੋਣੀ ਬਾਕੀ ਹੈ, ਪਰ ਫਿਰ ਵੀ ਅੱਜ ਦਾਸ ਲਈ ਇਹ ਹੀ ਦਮਦਮੀ ਟਕਸਾਲ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ ਮਹਿਤਾ ਚੌਂਕ ਹੈ ਜਿਸ ਨੂੰ ਦਸਮੇਸ਼ ਪਿਤਾ ਨੇ ਆਪ ਇਸ ਸੰਸਾਰ ਦੇ ਪੂਰਣ, ਪਵਿਤ੍ਰ ਅਤੇ ਅਨਮੋਲ ਖਜਾਨੇ ਦੀ ਰਾਖੀ ਅਤੇ ਸੇਵਾ ਸੰਭਾਲ, ਭਾਵੇਂ ਹੋਰ ਕੋਈ ਸਿਖ, ਸਿਖ ਸੰਸਥਾ ਕਰੇ ਜਾਂ ਨਾ ਕਰੇ ਪਰ ਇਸ ਨੂੰ ਜਰੂਰ ਕਰਨ ਦੀ ਵਿਸ਼ੇਸ ਜ਼ਿਮੇਵਾਰੀ ਸੌਂਪੀ ਹੋਈ ਹੈ ਅਤੇ ਜਿਸ ਦੇ ਕਾਰਜਕਾਰੀ ਮੁੱਖੀ ਵਜੋਂ ਬਾਬਾ ਹਰਨਾਮ ਸਿੰਘ ਧੁਮਾਂ ਦੀ ਹੁਣ ਦਸਤਾਰਬੰਦੀ ਹੋਈ ਹੈ।

ਉਪਰ ਦਮਦਮੀ ਟਕਸਾਲ ਨੂੰ ਸਿਖ ਧਰਮ ਦੇ ਪ੍ਰਚਾਰ ਅਤੇ ਸਿਖ ਕਿਰਦਾਰ ਦੇ ਖਾਲਸ ਸਿਕੇ ਘੜਦੇ ਰਹਿਣ ਲਈ ਵਿਸ਼ੇਸ਼ ਤੌਰ ਤੇ ਜ਼ਿਮੇਵਾਰ ਇਕ ਟਕਸਾਲ, ਇਕ ਯੂਨੀਵਰਸਟੀ ਹੋਣ ਦਾ ਨਾਮ ਵੀ ਦਿੱਤਾ ਗਿਆ ਹੈ ਅਤੇ ਸਿਖ ਧਰਮ ਨੂੰ ਪੂਰਨ ਵੀ ਲਿਖਿਆ ਹੈ। ਸੋ ਇਸ ਯੂਨੀਵਰਸਟੀ ਵਿਚ ਪੂਰਨ ਧਰਮ ਦੀ ਸਿਖਿਆ ਦੇਣ ਵਾਲੇ ਅਤੇ ਇਸ ਦੇ ਚਾਲਕ ਪੂਰਨ ਧਰਮ ਦਾ ਗਿਆਨ ਰੱਖਣ ਵਾਲੇ ਬ੍ਰਹਮਗਿਆਨੀ ਹੀ ਹੋ ਸਕਦੇ ਨੇ ਜਿਨਾਂ ਕੋਲ ਜੇ ਕੋਈ ਆਮ ਸਿਖ, ਕੋਈ ਸੇਵਾ ਵਾਲਾ ਸਿਖ ਤਾਂ ਕੀ, ਆਮ ਪ੍ਰਾਣੀ ਵੀ ਕੁਝ ਜਾਨਣ ਲਈ ਆ ਜਾਵੇ ਜਾਂ ਇਨਾਂ ਵਿਚੋਂ ਕੋਈ ਇਹ ਵੀ ਕਹਿ ਦੇਵੇ ਕਿ ਐ ਬ੍ਰਹਮਗਿਆਨੀ ਜੀ ਇਹ ਜੋ ਕੁਝ ਆਪਜੀ ਨੇ ਫੁਰਮਾਇਆ ਹੈ ਇਹ ਆਤਮਾਂ ਨੇ ਸਵਿਕਾਰ ਨਹੀਂ ਕੀਤਾ ਤਾਂ ਵੀ ਉਹ ਬ੍ਰਹਮਗਿਆਨੀ ਆਪਣੀਂ ਕਹੀ ਨੂੰ ਗੁਰਬਾਣੀ, ਗੁਰੂ ਇਤਿਹਾਸ, ਸਿਖ ਇਤਿਹਾਸ ਅਤੇ ਸਿਖੀ ਕਿਰਦਾਰ ਦੀ ਰੌਸ਼ਨੀ ਵਿਚ ਉਤਮ ਦਲੀਲਾਂ ਨਾਲ ਆਪਣੇ ਹੀ ਗੁਰੂ ਦੇ ਪਿਆਰੇ ਜੁਗਿਆਸੂ ਸਿਖ ਭਾਈ ਨੂੰ ਸਮਝਾਕੇ, ਆਪਣੇ ਵੱਲੋਂ ਕਹੀ ਨੂੰ ਸੱਚ ਹੋਣ ਦਾ ਅਹਿਸਾਸ ਕਰਵਾਕੇ ਹੀ ਤੋਰਦਾ ਹੈ। ਬ੍ਰਹਮਗਿਆਨੀ ਕੋਲ ਕਹੀ ਨੂੰ ਸੱਚ ਸਿਧ ਕਰਨ ਲਈ ਪਹਿਲੋਂ ਹੀ ਉਤਮ ਦਲੀਲਾਂ ਦਾ ਅਮੁੱਕ ਭੰਡਾਰ ਹੋਇਆ ਕਰਦਾ ਹੈ। ਹਾਂ, ਕੋਈ ਆਮ ਪ੍ਰਾਣੀ ਸੱਚਾ ਮੂਰਖ ਵੀ ਹੋ ਸਕਦਾ ਹੈ ਜਿਸ ਨੂੰ ਇਹ ਗੁਰਮਤਿ ਸਮਝ ਸਕਣ ਦੀ ਮੁਲੋਂ ਹੀ ਰੱਬ ਵੱਲੋਂ ਬਖਸ਼ਿਸ਼ ਨਾ ਹੋਈ ਹੋਵੇ ਜਾਂ ਕੋਈ ਝੂਠਾ ਮਕਾਰ, ਜਿਸ ਨੇ ਬਿਨਾਂ ਸੁਣੇ, ਬਿਨਾਂ ਵਿਚਾਰ ਕੀਤੇ, ਮੈ ਨਾ ਮਾਨੂੰ ਦੀ ਰਿੱਟ ਹੀ ਲਗਾਈ ਰੱਖਣੀ ਹੈ।

ਗੁਰੂ ਵੱਲੋਂ ਸਿਖ ਧਰਮ ਦੇ ਪ੍ਰਚਾਰ ਅਤੇ ਸੇਵਾ ਸੰਭਾਲ ਲਈ ਜ਼ਿਮੇਵਾਰ ਐਲਾਨੀ ਹੋਈ ਇਸ ਦਮਦਮੀ ਟਕਸਾਲ ਦਾ ਮੁੱਖੀ ਹੋਣਾ ਜਾਂ ਇਸ ਮਗਰੋਂ, ਇਸ ਨਾਲ ਮੌਢਾ ਜੋੜਕੇ ਗੁਰੂ ਵੱਲੋਂ ਵਿਸ਼ੇਸ ਤੌਰ ਤੇ ਮਿਲੀ ਜਿਮੇਵਾਰੀ ਨੂੰ ਨਿਭਾਣ ਦੀ ਬਜਾਏ, ਕਿਸੇ ਸਿਖ ਜਾਂ ਕੁਝ ਸਿਖਾਂ ਵੱਲੋਂ ਵੱਖਰੇ ਤੌਰ ਤੇ ਆਪਣੀ ਕੋਈ ਸੰਸਥਾ ਕਾਇਮ ਕਰਕੇ, ਸਿਖ ਧਰਮ ਦੇ ਪ੍ਰਚਾਰ ਅਤੇ ਸੇਵਾ ਸੰਭਾਲ ਦੀ ਜ਼ਿਮੇਵਾਰੀ ਆਪਣੇ ਤੌਰ ਤੇ ਸੰਭਾਲੀ ਹੈ, ਉਸ ਦਾ ਮੁੱਖੀ ਹੋਣਾਂ, ਆਪਣੇ ਆਪਨੂੰ ਬ੍ਰਹਮਗਿਆਨੀ ਦੀ ਪਦਵੀ ਤੇ ਬਿਰਾਜਮਾਨ ਕਰਨਾਂ ਹੈ। ਇਕ ਧਰਮ, ਇਕ ਇਤਿਹਾਸ ਅਤੇ ਇਕ ਕਿਰਦਾਰ ਦੇ ਧਾਰਨੀ ਬ੍ਰਹਮਗਿਆਨੀਆਂ ਦੇ ਵਿਚਾਰਾਂ ਵਿਚ ਹੀ ਜੇ ਇਕ ਸੱਚ ਦੀ ਸੁਰ ਨਹੀਂ ਤਾਂ ਪੂਰਨ ਗਿਆਨ ਦੀ ਪ੍ਰਾਪਤੀ ਵਿਚ ਕਿਸੇ ਪਾਸੇ ਕੋਈ ਕਮੀ ਰਹਿ ਗਈ ਹੈ।

ਕਿਸੇ ਬ੍ਰਹਮਗਿਆਨੀ ਵਲੋਂ ਆਪਣੇ ਹੀ ਗੁਰੂ ਦੇ ਕਿਸੇ ਜਗਿਆਸੂ ਸਿਖ ਦੀ ਜਾਂ ਇਸ ਧਰਮ ਵਿਚ ਵਿਸ਼ਵਾਸ ਵਿਚ ਰੱਖਣ ਵਾਲੇ ਜਾਂ ਦਰ ਆਏ ਕਿਸੇ ਹੋਰ ਜਗਿਆਸੂ ਪ੍ਰਾਣੀਂ ਦੀ ਕਿਸੇ ਉਤਮ ਦਲੀਲ ਨਾਲ ਸੰਤੁਸ਼ਟੀ ਕਰਵਾ ਦੇਣ ਦੀ ਬਜਾਏ ਇਹ ਕਹਿ ਦੇਣਾਂ ਕਿ ਮੇਰੇ ਕਹੇ ਨੂੰ ਸੱਚ ਨਾਂ ਮੰਨਣ ਵਾਲੇ ਜਾਂ ਇਸ ਦੇ ਉਲਟ ਰਾਏ ਰੱਖਣ ਵਾਲੇ ਮੂਰਖ ਹਨ, ਜਾਂ ਕਿਸੇ ਬ੍ਰਹਮਗਿਆਨੀ ਵਲੋਂ ਇਹ ਕਹਿ ਦੇਣਾਂ ਕਿ ਅਸੀਂ ਜਿਥੇ ਖੜੇ ਹਾਂ ਉਥੇ ਹੀ ਰਹਿਣਾਂ ਹੈ, ਸਾਨੂੰ ਕੋਈ ਨਹੀਂ ਬਦਲ ਸਕਦਾ,

ਹੋਰ ਵੀ ਕੋਸ਼ਿਸ਼ਾਂ ਕਰ ਚੁੱਕੇ ਨੇ ਪਰ ਕੋਈ ਸਫਲ ਨਹੀਂ ਹੋਇਆ ਤਾਂ ਦਾਸ ਦੀਆਂ ਨਜ਼ਰਾਂ ਵਿਚ ਇਹ: ਧਰਾਏ ਉਤਮ ਚੰਗੇ ਨਾਮ ਮੁਤਾਬਕ ਨਾ ਪੂਰੇ ਉਤਰ ਸਕਣਾਂ ਹੈ। ਇਥੇ ਜਾਣੇ ਅਣਜਾਣੇ ਜੋ ਹੋ ਗਿਆ:

1) ਸਿਖਾਂ ਦਾ ਤਾਂ ਸਤਿਗੁਰੂ ਵੀ ਸਭਨਾਂ ਨੂੰ ਮਿਲਾਣ ਵਾਲਾ ਹੈ, ਦਲੀਲ ਦੀ ਉਚਤਾ ਨਾਲ ਇਕ ਸੱਚ ਦਾ ਹਰ ਪ੍ਰਾਣੀ ਨੂੰ ਅਹਿਸਾਸ ਕਰਵਾਕੇ। ਪਰ ਇਥੇ ਬ੍ਰਹਮਗਿਆਨੀ ਸਿਖਾਂ ਹੀ ਆਪਣੇ ਸਤਿਗੁਰੂ ਦੇ ਸੁਭਾਅ ਤੋਂ ਉਲਟ ਆਪਣੇ ਸੁਭਾਅ ਕਰ ਲਏ।

2) ਉਹ, ਜਿਸ ਨੂੰ ਸੰਤੁਸ਼ਟੀ ਦੀ ਬਜਾਏ ਨਾ ਮਿੱਠੇ ਬੋਲ ਮਿਲ ਗਏ ਹੋਣ, ਜੇ ਇਨਾਂ ਸੰਸਥਾਵਾਂ ਨਾਲ ਸਬੰਧਤ ਨਾ ਵੀ ਹੋਵੇ, ਦਿਲ ਤਾਂ ਫਿਰ ਵੀ ਦੁਖਾ ਹੀ ਦਿੱਤਾ ਗਿਆ। ਉਸ ਦੇ ਮਨ ਦੀ ਦੁਬਦਾ ਵੀ ਦੂਰ ਨਾ ਕੀਤੀ ਅਤੇ ਉਸ ਨੂੰ ਉਸ ਦੀ ਹੀ ਰਾਏ ਤੇ ਅਡੋਲ ਅਤੇ ਪ੍ਰਪੱਕ ਵੀ ਕਰ ਦਿੱਤਾ ਗਿਆ ਭਾਵੇ ਉਹ ਸਹੀ ਹੈ ਜਾਂ ਗਲਤ। ਅਤੇ ਇਸ ਤਰਾਂ ਇਕ ਬ੍ਰਹਮਗਿਆਨੀ ਦਾ ਰੁਤਬਾ ਰੱਖਣ ਵਾਲਿਆਂ ਵਲੋਂ ਹੀ ਆਪਣੇ ਧਰਮ ਵਿਚ ਇਕ ਸੱਚ ਅਤੇ ਇਕ ਖਾਲਸਾ ਪੰਥ ਵਿਚ ਵੰਡੀਆਂ ਦੇ ਬੀਜ ਬੀਜ ਦੇਣੇ।

3) ਉਹ, ਜਿਸ ਨੂੰ ਸੰਤੁਸ਼ਟੀ ਦੀ ਬਜਾਏ, ਨਾਂ ਮਿੱਠੇ ਬੋਲ ਮਿਲ ਗਏ ਹੋਣ ਅਤੇ ਮਿਲੇ ਵੀ ਆਪਣੀ ਸੰਸਥਾ ਦੇ ਮੁਖੀ ਬ੍ਰਹਮਗਿਆਨੀ ਵਲੋਂ ਹੋਣ ਤਾਂ ਇਸ ਬ੍ਰਹਮਗਿਆਨੀ ਵਲੋਂ ਅਪਣੇ ਹੀ ਸੰਗੀ ਸਾਥੀ, ਆਪਣੇ ਹੀ ਗੁਰੂ ਦੇ ਸਿਖ, ਆਪਣੇ ਹੀ ਭਾਈ ਅੱਗੇ ਇਹ ਸਵਾਲ ਖੜ੍ਹਾ ਕਰ ਦੇਣਾਂ ਹੈ ਕਿ ਉਸ ਅੰਨੀ ਸ਼ਰਥਾ ਵਸ, ਆਤਮਾਂ ਨੂੰ ਨਾ ਮੰਨਜੂਰ, ਮਨਜੂਰ ਕਰਕੇ, ਆਪਣਿਆਂ ਦਾ ਲਾਈਲੱਗ, ਚਾਪਲੋਸ ਅਤੇ ਵਡਿਆਉਣ ਵਾਲਾ ਬਣੀਂ ਰਹਿ, ਆਪਣੇ ਅਧਿਆਤਮਕ ਵਿਕਾਸ ਨੂੰ ਰੋਕ ਲੈਂਣਾਂ ਹੈ ਅਤੇ ਮਨੁੱਖ ਦਾ, ਇਨਸਾਨ ਦਾ, ਬੰਦੇ ਦਾ ਸਿਖ ਹੋ ਜਾਣਾਂ ਹੈ ਜਾਂ ਗੁਰੂ ਦਾ ਸਿਖ ਰਹਿੰਦੇ ਹੋਏ, ਪੰਥ ਦੀ ਸੱਥ ਵਿਚ ਰੱਖ ਦੇਣਾਂ ਹੈ ਕਿ ਭਾਵੇਂ ਇਹ ਮੇਰੇ ਨੇ, ਪਰ ਇਨਾਂ ਦੇ ਇਸ ਵਿਚਾਰ ਨਾਲ ਜਾਂ ਇਸ ਫੈਸਲੇ ਨਾਲ ਮੇਰੀ ਕੋਈ ਸਹਿਮਤੀ ਜਾਂ ਸਬੰਧ ਨਹੀ ਹੈ ਜਾਂ ਅੰਤ ਪੱਥਰ ਚੱਟਕੇ ਇਹ ਕਿ ਮੈਂ ਅੱਜ ਤੋਂ ਇਨਾਂ ਨਾਲੋਂ ਜਥੇਬੰਦਕ ਤੌਰ ਤੇ ਹਰ ਸਾਂਝ, ਹਰ ਰਿਸ਼ਤਾ ਤੋੜਦਾ ਹਾਂ।

4) ਇਹ ਮੇਰੀ ਪਿਆਰੀ ਸਤਿਕਾਰੀ ਦਮਦਮੀ ਟਕਸਾਲ ਹੈ ਜਾਂ ਇਸ ਮਗਰੋਂ ਕਿਸੇ ਸਿਖ ਜਾਂ ਕੁਝ ਸਿਖਾਂ ਵੱਲੋਂ ਵੱਖਰੇ ਤੌਰ ਤੇ ਸਿਖ ਧਰਮ ਦੇ ਪ੍ਰਚਾਰ ਲਈ ਆਪਣੀ ਕੋਈ ਸੰਸਥਾ ਕਾਇਮ ਕਰ ਰੱਖੀ ਹੈ, ਦੇ ਮੁੱਖੀ ਹੋਣ ਲਈ ਭਾਵ ਆਪਣੇ ਆਪਨੂੰ ਬ੍ਰਹਮਗਿਆਨੀ ਦੇ ਰੁਤਬੇ ਤੇ ਬਿਰਾਜਮਾਨ ਕਰਨ ਲਈ ਜਾਂ ਬਿਰਾਜਮਾਨ ਹੋਏ ਰਹਿਣ ਲਈ ਜੇ ਇਨਾਂ ਦੇ ਅਪਣੇ ਘਰੀਂ ਹੀ ਝਗੜੇ ਨੇ ਤਾਂ ਇਥੇ ਵੀ ਕਿਸੇ ਨਾਂ ਕਿਸੇ ਆਤਮਾਂ ਦਾ ਗਰਮਤਿ ਦੇ ਪੂਰਨ ਪ੍ਰਕਾਸ਼ ਤੋਂ, ਪੂਰਨ ਸਿਖੀ ਕਿਰਦਾਰ ਤੋਂ ਊਣੇ ਰਹਿ ਜਾਣਾਂ ਹੈ।

ਆਪਣੇ ਧਰਮ ਵਿਚ ਰੁਤਬਾ, ਨਿਰਸਵਾਰਥ ਕੀਤੀ ਸੇਵਾ ਦਾ ਨਾਮ ਹੈ, ਜੋ ਮਿਲਦਾ ਹੈ ਅਤੇ ਮਿਲਣਵਾਲੇ ਨੂੰ ਇਸ ਦਾ ਪਤਾ ਵੀ ਨਹੀਂ ਹੁੰਦਾ। ਭਾਈ ਲਹਿਣੇ ਵਲੋਂ ਸੇਵਾ ਘਾਲਣਾਂ ਇਹ ਆਸ ਰਖਕੇ ਨਹੀਂ ਸੀ ਕਿ ਬਦਲੇ ਵਿਚ ਗੁਰੂ ਨਾਨਕ ਦੇਵ ਜੀ ਉਸ ਨੂੰ ਆਪਣਾ ਅਗਲਾ ਸਰੂਪ, ਆਪਣਾਂ ਜਾਨਸ਼ੀਨ ਗੁਰੂ ਅੰਗਦ ਕਰ ਦੇਣਗੇ ਜਾਂ ਭਾਈ ਕਪੂਰ ਸਿੰਘ ਜੀ ਵੱਲੋਂ ਪੱਖਾ ਝੱਲਣ ਦੀ ਸੇਵਾ ਇਹ ਅਗਾਹੋਂ ਜਾਣਕੇ ਜਾਂ ਆਸ ਰੱਖਕੇ ਨਹੀਂ ਸੀ ਕਿ ਸਿੰਘ ਪੰਥ ਲਈ ਇਕ ਦਿਨ ਨਬਾਬੀ ਹਾਸਲ ਕਰ ਲੈਣਗੇ ਅਤੇ ਉਸ ਦੀ ਸੇਵਾ ਬਦਲੇ ਇਹ ਨਬਾਬੀ ਉਸ ਦੀ ਝੋਲੀ ਪਾ ਦੇਣਗੇ ਜਾਂ ਹੁਣੇ ਹੀ ਬੁੜੈਲ ਜੇਲ ਵਿਚੋਂ ਫਰਾਰ ਸਿਦਕੀ ਸੂਰੇ ਸਿੰਘਾਂ ਦਾ ਰਸੋਈਆ ਸਾਥੀ ਦੈਆ ਸਿੰਘ, ਲੰਗਰ ਦੀ ਸੇਵਾ ਇਸ ਲਈ ਨਹੀਂ ਸਨ ਕਰਦੇ ਕਿ ਇਨਾਂ ਦੀ ਫਰਾਰੀ ਨਾਲ, ਉਸ ਦਾ ਨਾਮ ਵੀ ਗੌਰਵਮਈ ਸਿਖ ਇਤਿਹਾਸ ਵਿਚ ਦਰਜ ਹੋ ਜਾਵੇਗਾ।

ਗੁਰੂ ਦਾ ਸਿਖ ਦਿਸਣਾਂ ਅਤੇ ਗੁਰੂ ਦਾ ਸਿਖ ਹੋਣਾਂ ਅਜ ਦੋ ਹੋ ਗਏ ਨੇ। ਕੱਲ ਵੀ ਤੇ ਅੱਜ ਵੀ ਤੇ ਉਦ ਤੱਕ, ਜਦ ਤੱਕ ਸੰਸਾਰ ਉਤੇ ਹੱਕ, ਸੱਚ ਅਤੇ ਨਿਆਂ ਦੀ ਜਿੱਤ ਨਾਲ ਸਦੀਵੀਂ ਸ਼ਾਂਤੀ ਨਹੀਂ ਹੈ, ਗੁਰੂ ਦਾ ਸਿਖ ਹੋਣਾਂ ਹੀ ਕੋਈ ਫੁੱਲਾਂ ਦੀ ਸੇਜ ਨਹੀਂ, ਬਾਬਾ ਹਰਨਾਮ ਸਿੰਘ ਧੁਮਾਂ ਜੀ ਤਾਂ ਅੱਜ ਬਹੁਤ ਹੀ ਬਿਖੜੇ ਸਮੇਂ ਦਮਦਮੀ ਟਕਸਾਲ ਦੇ ਕਾਰਜਕਾਰੀ ਮੁੱਖੀ ਵਜੋਂ ਨਿਯੁਕਤ ਹੋਏ ਨੇ। ਉਨਾਂ ਦੇ ਸਿਰ ਤੇ ਗੁਰੂ ਵੱਲੋਂ ਪੰਥ ਦੇ ਲਈ ਜਿਮੇਵਾਰੀਆਂ ਦੀ ਬੜੀ ਭਾਰੀ ਪੰਡ ਹੈ। ਵਾਹਿਗੁਰੂ ਉਨਾਂ ਦੇ ਅੰਗ ਸੰਗ ਰਹਿੰਦੇ, ਆਪਣੇ ਤੇਜ ਪ੍ਰਤਾਪ ਦੀ ਬਖਸ਼ਿਸ਼ ਕਰਦੇ ਰਹਿਣ ਤਾਂ ਕਿ ਉਹ ਜੂਨ ਚੌਰਾਸੀ ਦੇ ਸ਼ਹੀਦਾਂ ਦੇ ਅਧੂਰੇ ਛੱਡੇ ਮਿਸ਼ਨ ਨੂੰ ਅੱਗੇ ਤੋਰ ਸਕਣ। ਇਹ ਮਿਸ਼ਨ ਜੂਨ ਚੌਰਾਸੀ ਦੇ ਸ਼ਹੀਦਾਂ ਦਾ ਇਸ ਲਈ ਹੀ ਹੋਇਆ ਹੈ ਕਿਉਂਕਿ ਇਹ ਹੀ ਆਪਣੇ ਗੁਰੂ ਦਾ, ਆਪਣੇ ਸੰਤਾਂ, ਭਗਤਾਂ, ਪੀਰਾਂ ਫਕੀਰਾਂ, ਆਪਣੇ ਸ਼ਹੀਦਾਂ, ਅਪਣੇ ਮੁਰੀਦਾਂ ਅਤੇ ਆਪਣੇ ਆਕਾਲ ਪੁਰਖ ਦਾ ਮਿਸ਼ਨ ਹੈ। ਇਹ ਮਿਸ਼ਨ ਹੈ: ਸਰਬੱਤ ਦੇ ਭਲੇ ਲਈ ਖਾਲਸਾ ਪੰਥ ਨੂੰ ਪਾਤਸ਼ਾਹੀ।

ਮਨੁੱਖਤਾ ਲਈ, ਇਨਸਾਨੀਅਤ ਲਈ ਅਤੇ ਖਾਲਸੇ ਲਈ ਅਕ੍ਰਿਤਘਣ ਜਰਵਾਣੇ ਸਿਧ ਹੋ ਗਏ ਅਤਿ ਫਿਰਕੂ, ਚਲਾਕ, ਬੁਤਾਂ ਦੇ ਪੁਜਾਰੀ, ਇਕ ਪਿਤਾ ਦੇ ਸਭ ਬਾਲਕ ਇਕ ਬਰਾਬਰ, ਨਾ ਜਾਨਣ ਵਾਲੇ ਮੰਨੂਵਾਦੀ, ਬ੍ਰਾਹਮਣ ਤਖਤ ਦੀ ਅਧੀਨਗੀ ਵਿਚ, ਧੁਰੋਂ ਆਜਾਦ ਖਾਲਸੇ ਦੀ ਪਾਤਸ਼ਾਹੀ ਕਦੇ ਵੀ ਨਹੀ ਹੋ ਸਕਦੀ। ਵੇਖੋ ਇਸ ਦੀ ਅਤਿ ਨੀਚਤਾ ਦੀ ਤਾਜਾ ਮਿਸਾਲ ਕਿ ਰੇਲਗੱਡੀ ਦੇ ਡੱਬੇ ਵਿਚ ਰੋਟੀ ਬਣਾਉਂਦੇ ਸੜ ਮਰੇ ਹਿੰਦੂਆਂ ਨੂੰ ਮੁਸਲਮਾਨਾਂ ਵਲੋਂ ਅੱਗ ਲਾਕੇ ਮਾਰਨਾਂ ਪ੍ਰਚਾਰਕੇ, ਉਨਾਂ ਦਾ ਸਰਬਨਾਸ਼ ਕਰਨ ਲਈ ਆਪਣੇ ਹਿੰਦੂਆਂ ਨੂੰ ਲੈ ਨਿਕਲ ਤੁਰਿਆ ਅਤੇ ਤਿੰਨ ਹਜ਼ਾਰ ਬੇਦੋਸ਼ੇ ਮੁਸਲਮਾਨਾਂ ਨੂੰ ਅਤਿ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ।

ਖਾਲਸੇ ਦੀ ਪਾਤਸ਼ਾਹੀ: ਖਾਲਸਾ ਰਾਜ। ਖਾਲਸਾ ਰਾਜ ਜਿਸ ਬਿਨਾਂ ਅਸੰਭਵ ਹੈ, ਉਹ ਹੈ ਖਾਲਸੇ ਦਾ ਖੁਸਿਆ ਆਪਣਾਂ ਦੇਸ਼। ਇਸ ਦੇਸ਼ ਦੀ ਬੁਨਿਆਦ ਗੁਰੂ ਹੁਕਮੀਂ, ਸਿੰਘ ਸੂਰੇ ਜੂਨ ਚੌਰਾਸੀ ਦੇ ਘੱਲੂਘਾਰੇ ਸਮੇਂ, ਦਿਲੀਓਂ ਧਾੜਵੀ ਹੋ ਦਰ ਚੜ੍ਹ ਆਏ ਅਕ੍ਰਿਤਘਣ ਜਰਵਾਣਿਆਂ ਨਾਲ ਲੋਹਾ ਖੜਕਾਉਂਦਿਆਂ, ਆਪਣੀਆਂ ਲਾਸਾਨੀ ਸ਼ਹੀਦੀਆਂ ਨਾਲ ਧਰ ਹੀ ਚੁਕੇ ਨੇ। ਇਸ ਦਿਨ ਤੋਂ ਨਾਨਕ ਦਰ ਦੇ ਇਸ ਸੇਵਕ ਸ਼ਰਧਾਲੂ ਪ੍ਰਾਣੀ ਲਈ ਨੂੰ ਖਾਲਸੇ ਦੇ ਵਤਨ ਦੀ ਇਸ ਧਰੀ ਬੁਨਿਆਦ ਉਤੇ ਆਜਾਦੀ ਦਾ ਮਹੱਲ ਉਸਾਰਨਾਂ ਹੀ ਆਪਣੇ ਲਈ ਆਪਣੇ ਗੁਰੂ ਦਾ, ਆਪਣੇ ਅਕਾਲ ਪੁਰਖ ਪ੍ਰਮਾਤਮਾਂ ਦਾ ਸਭ ਤੋਂ ਵੱਡਾ ਹੁਕਮ ਜਾਪਿਆ ਹੈ।

ਖਾਲਸੇ ਨੂੰ ਪਾਤਸ਼ਾਹੀ ਦਾ ਮਿਲਣਾਂ, ਇਸ ਜਗਤ ਜਲੰਦੇ ਨੂੰ ਕਰਤੇ ਵੱਲੋਂ ਆਪਣੀਂ ਕਿਰਪਾ ਨਾਲ ਬਚਾ ਲੈਣਾਂ ਅਤੇ ਇਸ ਜਗਤ ਦੇ ਆਧਾਰ ਲਈ ਬੁਨਿਅਦ ਧਰੀ ਜਾਣਾਂ ਵੀ ਹੈ। ਖਾਲਸੇ ਨੂੰ ਪਾਤਸ਼ਾਹੀ ਦਾ ਇਕਰਾਰ, ਵਾਅਦਾ ਗੁਰੂ ਵਲੋਂ ਤਦ ਹੀ ਪੂਰਾ ਕੀਤਾ ਜਾ ਸਕਦਾ ਹੈ, ਖਾਲਸੇ ਨੂੰ ਪਾਤਸ਼ਾਹੀ ਲਈ ਕੀਤੀ ਵਾਹਿਗੁਰੂ ਅਕਾਲਪੁਰਖ ਸਰਬਸ਼ਕਤੀਮਾਨ ਅੱਗੇ ਅਰਦਾਸ, ਆਸ, ਖਾਹਿਸ਼ ਵੀ ਤਦ ਹੀ ਪ੍ਰਵਾਨ ਹੋ ਸਕਦੀ ਹੈ ਜੇ ਸਭ ਇਨਸਾਨੀ ਗੁਣਾਂ ਨੂੰ ਝੋਲੀ ਵਿਚ ਪਹਿਲੋਂ ਹੀ ਕਰਕੇ ਸਿਖ ਹੋਇਆ ਇਨਸਾਨ, ਆਪਣੇ ਸਿਖੀ ਕਿਰਦਾਰ ਉਤੇ 100% ਪਹਿਰੇ ਨਾਲ ਖਾਲਸ ਹੋ, ਆਪਣੇ ਗੁਰੂ ਵਲੋਂ ਬਖਸ਼ਿਸ਼ ਹੋਏ ਤੇਜ ਪ੍ਰਤਾਪ ਦੇ ਸਹਾਰੇ ਸੰਗ੍ਰਾਮ ਲੜਦਾ ਹੈ। ਹਾਂ, ਜੇ ਸੱਚੇ ਦਿਲੋਂ ਤੁਰਾਂਗੇ ਤਾਂ ਆਪਣੇ ਸੰਤਾਂ ਸਿਖਾਂ ਸੇਵਕਾਂ ਦੇ ਕਾਰਜ, ਅਰਦਾਸ, ਆਸ, ਖਾਹਿਸ਼ ਪੂਰੀ ਕਰਨ ਲਈ ਗੁਰੂ ਦਾ ਦਸਤੂਰ, ਸੁਭਾਅ ਅਗਿਓਂ ਤੁਰੇ ਆਓਣਾਂ ਹੈ। ਇਸ ਇਨਸਾਨ ਨੂੰ ਤੇ ਹਰ ਕਲਾ ਭਰਭੂਰ ਸਰਬਸ਼ਕਤੀਮਾਨ ਅਕਾਲਪੁਰਖ ਰਬ ਨੇ, ਵਾਹਿਗੁਰੂ ਨੇ, ਸਤਿਗੁਰੂ ਨੇ ਇਕ ਵਾਰ ਨਹੀ ਸਗੋਂ ਕਈ ਵਾਰ, ਇਹ ਹੀ ਅਨੁਭਵ, ਇਹ ਹੀ ਅਹਿਸਾਸ, ਇਹ ਹੀ ਵਿਸ਼ਵਾਸ ਸੱਚ ਕਰਕੇ ਵਿਖਾਇਆ ਹੈ ਅਤੇ ਕਦੇ ਨਿਰਾਸ਼ ਨਹੀਂ ਮੋੜਿਆ। ਇਥੇ ਇਕ ਤਾਜਾ ਮਿਸਾਲ:

ਪਿਛਲਾ ਸਾਲ ਖਾਲਸਾ ਪੰਥ ਲਈ ਇਤਿਹਾਸਿਕ ਹੋਣ ਕਰਕੇ ਇਸ ਨੂੰ ਜੋਰਾਂ ਸ਼ੋਰਾਂ ਨਾਲ ਮਨਾਉਣ ਲਈ ਤਿਅਰੀਆਂ ਹੋ ਰਹੀਆਂ ਸਨ। ਜਿਵੇਂ ਗੁਰੂ ਦੀ ਤੁਣਕੀ ਨੇ ਪੁਛਿਆ ਹੋਵੇ ਕਿ ਕਈ ਸਮੁੰਦਰ ਪਾਰ ਬੈਠਿਆ ਤੇਰੀ, ਤੇਰੀ ਅਪਣੀ ਜਥੇਬੰਦੀ ਦੀ ਇਸ ਇਤਿਹਾਸਿਕ ਵਰ੍ਹੇ ਨੂੰ ਅਰਪਨ ਕਰਨ ਲਈ ਕੀ ਕੋਈ ਸੱਚੀ ਸ਼ਰਧਾਂਜਲੀ ਵੀ ਹੈ ਤਾਂ ਖਾਲਸਾ ਰਾਜ ਦੀ ਪ੍ਰਾਪਤੀ ਲਈ ਬੀਤੇ ਵਿਚ ਕੀ ਰਹਿ ਗਿਆ ਅਤੇ ਹੁਣ ਕੀ ਕੀਤਾ ਜਾ ਸਕਦਾ ਹੈ, ਦੀ ਘੋਖ ਕਰਦਾ ਇਕ ਦਸਤਾਵੇਜ਼ ਤਿਆਰ ਹੋਇਆ ਅਤੇ ਵਿਚਾਰ ਕਰਕੇ ਸੋਧ ਕਰਨ ਲਈ ਜਥੇਬੰਦੀ ਅੱਗੇ ਰੱਖ ਹੋਇਆ। ਇਸ ਨੂੰ ਮੁਕੰਮਲ ਕਰਕੇ ਜੂਨ 2004 ਵਿਚ, ਜੂਨ ਚੌਰਾਸੀ ਦੇ ਸ਼ਹੀਦਾਂ ਦੀ ਬਰਸੀ ਉਤੇ ਜਾਂ ਜੇ ਦੇਰ ਤਾਂ ਅਗਾਂਹ ਕਿਸੇ ਹੋਰ ਇਤਿਹਾਸਿਕ ਦਿਹਾੜੇ ਉਤੇ ਪੰਥ ਦੀ ਕਚਿਹਰੀ ਵਿਚ ਲਿਜਾਣਾਂ ਸੀ। ਇਸ ਦਸਤਾਵੇਜ਼ ਵਿਚ ਜਿਥੇ ਪਹਿਲੋਂ ਹੀ ਦਮਦਮੀ ਟਕਸਾਲ ਨਾਲ ਵਿਚਾਰ ਸਾਂਝੇ ਨੇ ਉਥੇ ਨਿਰਮਲੇ ਸੰਤ ਸੰਪ੍ਰਦਾਏ ਵਾਰੇ ਜ਼ਿਕਰ ਵੀ ਪਹਿਲੋਂ ਹੀ ਮਾਜੂਦ ਹੈ। ਭਾਵੇ ਗੁਰੂ ਨੂੰ ਜਥੇਬੰਦੀ ਵੱਲੋ ਇਹ ਦਸਤਾਵੇਜ਼ ਪੰਥ ਅੱਗੇ ਰੱਖ ਹੋਣਾਂ ਨਾ ਮਨਜ਼ੂਰ ਸੀ ਪਰ ਅਜੇ ਇਸ ਨੂੰ ਲਿਖੇ ਇਕ ਸਾਲ ਵੀ ਨਾਂ ਬੀਤਿਆ ਕਿ ਗੁਰੂ ਇਸੇ ਦਸਤਾਵੇਜ਼ ਨੂੰ ਇਸ ਪ੍ਰਾਣੀ ਦਾ ਕਰਕੇ, ਇਸ ਵਿਚਲੇ ਲਫ਼ਜ਼ਾਂ ਨੂੰ, ਵਿਚਾਰਾਂ ਨੂੰ ਪੰਥ ਨਾਲ ਸਾਂਝੇ ਕਰਵਾਣ ਦੀ ਇਹ ਬਿਧ ਬਣਾ ਗਿਆ ਹੈ।

ਇਥੇ ਇਸ ਦਸਤਾਵੇਜ਼ ਵਿਚੋਂ ਦਮਦਮੀ ਟਕਸਾਲ ਨਾਲ ਵਿਚਾਰਾਂ ਦੀ ਸਮਾਪਤੀ ਅਤੇ ਨਿਰਮਲੇ ਸੰਤ ਸੰਪ੍ਰਦਾਏ ਵਾਰੇ ਵਿਚਾਰ ਸ਼ੁਰੂ ਕਰਨ ਵਾਲਾ ਬਿਨਾਂ ਕੋਈ ਤਬਦੀਲੀ ਕੀਤਿਆਂ ਇਕ ਪਹਿਰਾ:

"ਜਿਵੇਂ ਪਹਿਲੇ ਵੀ ਜ਼ਿਕਰ ਕੀਤਾ ਜਾ ਹੀ ਚੁੱਕਾ ਹੈ ਕਿ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸਿਖ ਧਰਮ ਅਤੇ ਕੌਮ ਨੂੰ ਪ੍ਰਗਟਾਣ ਦੇ ਅਰੰਭੇ ਰੱਬੀ ਕਾਰਜ ਨੂੰ ਅੰਮ੍ਰਿਤ ਦੀ ਦਾਤ ਅਤੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸਿਖਾਂ ਦੇ ਅੰਤਮ ਗੁਰੂ ਕਰਕੇ, ਇਕ ਮਹਾਨ ਕਾਰਜ, ਸਿਖ ਧਰਮ, ਸਿਖ ਕਿਰਦਾਰ, ਸਿਖ ਵਿਰਸੇ ਦੀ ਸੇਵਾ ਸੰਭਾਲ ਅਤੇ ਸਿਖ ਕਿਰਦਾਰ ਦੇ ਖਾਲਸ ਸਿਕੇ ਘੜਦੇ ਰਹਿਣ ਲਈ ਸਿਖ ਧਰਮ ਦੀ ਯੂਨਵਿਰਸਟੀ ਦਮਦਮੀ ਟਕਸਾਲ ਦੀ ਆਪਣੇ ਹੱਥੀਂ ਸਥਾਪਨਾਂ ਦਾ

ਕੀਤਾ ਗਿਆ। ਇਸ ਤਰਾਂ ਰੱਬੀ ਫਲਸਫੇ ਸਿਖ ਧਰਮ ਨੂੰ ਜੁਗੋਜੁਗ ਅਟੱਲ ਅਤੇ ਚੜਦ੍ਹੀ ਕਲਾ ਵਿਚ ਕਰਨ ਅਤੇ ਰੱਖਣ ਲਈ ਦੂਜਾ ਮਹਾਨ ਕਾਰਜ ਜੋ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਆਪਣੇ ਹੱਥੀਂ ਕੀਤਾ ਗਿਆ, ਉਹ ਸੀ ਇਹ :
ਗੁਰੂ ਵਲੋਂ ਆਪਣੀ ਦਰਿਬ ਦ੍ਰਿਸ਼ਟੀ ਨਾਲ ਪੰਜ ਪ੍ਰਾਣੀਆਂ ਨੂੰ ਚੁਣਿਆਂ ਗਿਆ। ਇਨਾਂ ਨੂੰ ਸਿਖ ਧਰਮ ਦੇ ਨਾਲ ਨਾਲ ਹੋਰ ਧਰਮਾਂ ਵਾਰੇ ਜਾਣਕਾਰੀ, ਗਿਆਨ, ਵਿਦਿਆ ਹਾਸਲ ਕਰਨ ਦੀ ਹਦਾਇਤ ਕੀਤੀ ਅਤੇ ਜ਼ਿਮੇਵਾਰੀ ਸੌਂਪੀ ਕਿ ਤੁਸਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਧੁਰ ਕੀ ਬਾਣੀਂ ਦਾ ਪਰਚਾਰ ਕਰਨਾਂ ਹੈ। ਇਹ ਸੀ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਇਕ ਤਰਾਂ ਆਪਣੇ ਹੱਥੀਂ **ਨਿਰਮਲੇ ਸੰਤ ਸੰਪ੍ਰਦਾਏ ਸਥਾਪਤ ਕਰਨੀ।** "
ਅੱਗੇ ਚਲਦਿਆਂ "ਇਨਾਂ ਨਿਰਮਲੇ ਸੰਤਾਂ ਵਿਚੋਂ ਕਈ ਅੰਮ੍ਰਿਤਧਾਰੀ ਵੀ ਹੋਏ ਪਰ ਨਾਲ ਹੀ ਇਸ ਸੰਪ੍ਰਦਾਏ ਵਿਚ ਬਰੱਕਤ ਰਹਿਣਾਂ ਵੀ ਚਾਲੂ ਕਰ ਦਿੱਤਾ ਗਿਆ। ਪਰ ਔਖੇ ਤੋਂ ਔਖੇ ਵੇਲੇ ਵੀ ਗੁਰੂ ਆਸਰੇ ਧੁਰ ਕੀ ਬਾਣੀਂ ਦਾ ਪ੍ਰਚਾਰ ਅਰੰਭੀ ਰੱਖਿਆ। ਇਸੇ ਹੀ ਸੰਪ੍ਰਦਾਏ ਦੇ ਇਕ ਹਿਸੇ ਜ਼ਿਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਧੁਰ ਕੀ ਬਾਣੀਂ ਦਾ ਪਰਚਾਰ ਹਿੰਦੂ ਧਰਮ ਵੱਲੋਂ ਨੀਚ ਸ਼ੂਦਰ ਕਰਾਰ ਦਿੱਤੇ ਲੋਕਾਂ ਵਿਚ ਜਾ ਕੇ ਕਰਨਾਂ, ਆਇਆ। "
ਅੱਗੇ ਚਲਦਿਆਂ "ਜਿਥੇ ਦਮਦਮੀ ਟਕਸਾਲ ਜ਼ਿਮੇਂ ਸਿਖ ਕਿਰਦਾਰ ਦੇ ਖਾਲਸ ਸਿਕੇ ਸਿਖ ਖੜਨਾਂ ਸੀ ਉਥੇ ਇਨਾਂ ਜ਼ਿਮੇਂ ਇਨਸਾਨ ਨੂੰ ਗੁਰਬਾਣੀ ਮੁਤਾਬਕ ਨਿਰਮਲ ਕਰਮ ਕਰਨ ਲਈ ਪ੍ਰੇਰਦੇ, ਇਨਸਾਨ ਨੂੰ ਕਿਰਦਾਰ ਤੋਂ ਗੁਣਾਂ ਨਾਲ ਸਚਾ ਇਨਸਾਨ ਕਰਨਾਂ ਸੀ ਅਤੇ ਇਕ ਨਾਂ ਇਕ ਦਿਨ ਜਰੂਰ ਸਿਖ ਹੋਣ ਲਈ ਜਾਗ ਲਾਉਣਾਂ ਸੀ। "
ਨਾਨਕੇ ਪ੍ਰਵਾਰ ਵਿਚ ਨਹੀਂ ਪਰ ਬਾਪ ਦੇ ਪ੍ਰਵਾਰ ਵਿਚ ਆਪਣੇ ਗੁਰੂ ਪ੍ਰਕਾਸ਼ ਡੇਰੇ ਲਈ ਅਤੇ ਇਥੋਂ ਗੁਰਬਾਣੀ ਦੇ ਪ੍ਰਚਾਰ ਲਈ ਅਸਲ ਜਿਮੇਵਾਰ ਬਰੱਕਤ ਰਹਿਣ ਵਾਲਾ ਹੀ ਥਾਪਿਆ ਜਾਂਦਾ ਸੀ ਅਤੇ ਬਾਕੀ ਪਰਵਾਰ ਉਸ ਦੀ ਮੱਦਤ ਲਈ ਹੁੰਦਾ। ਅਤਿ ਜੂਲਮ ਦੀ ਝੁਲਦੀ ਦੇ ਵੇਲੇ ਬਰੱਕਤ ਰਹਿਣ ਦੀ ਆਪੇ ਹੀ ਪਾਈ ਪਿਰਤ ਸ਼ਾਇਦ ਇਸ ਲਈ ਹੋਵੇ ਕਿ ਘੱਟੋਘੱਟ ਇਕ ਸੰਤ ਪੂਰਨ ਰੂਪ ਵਿਚ ਗੁਰੂ ਵਲੋਂ ਲਾਈ ਜਿਮੇਵਾਰੀ ਨੂੰ ਨਿਭਾਣ ਲਈ ਸਮ੍ਰਪਤ ਹੋਵੇ ਅਤੇ ਦੂਜਾ ਕਿ ਮਤਾਂ ਪਰਖ ਦੇ ਸਮੇਂ ਪ੍ਰਵਾਰ ਦਾ,  ਸੰਤਾਨ ਦਾ ਸੁਖ, ਮੋਹ ਜਾਂ ਡਰ ਉਸ ਨੂੰ ਨਾਂ ਡੁਲਾ ਜਾਵੇ।
ਭਾਰਤ ਦੀ ਵੰਡ ਮਗਰੋਂ ਇਸ ਨਿਰਮਲੇ ਸੰਤ ਸੰਪ੍ਰਦਾਏ ਨਾਲ ਸਬੰਧਤ ਦਾਸ ਦਾ ਪ੍ਰਵਾਰ, ਸ਼ਹੀਦ ਜਥੇਦਾਰ ਤਲਵਿੰਦਰ ਸਿੰਘ ਜੀ ਦੇ ਪਿੰਡ ਪਾਂਛਟਾ ਨਾਲ ਲਗਦੇ ਪਿੰਡ ਨਰੂੜ ਆ ਵਸਿਆ ਅਤੇ ਜੂਨ ਚੌਰਾਸੀ ਮਗਰੋਂ ਅੰਤ ਇਸ ਸ਼ਹੀਦ ਜਥੇਦਾਰ ਨਾਲ ਸੰਪਰਕ ਦੁਆਰਾ ਹੀ ਇਥੇ ਵਸਦੇ ਬੱਬਰਾਂ ਨਾਲ ਮੇਲ ਹੋਇਆ। ਨਿਮੀ ਕਮਲ ਦੇ ਨਾਮ ਨਾਲ ਵਿਚਰ ਰਹੇ ਇਸ ਪ੍ਰਾਣੀ ਨੂੰ ਇਨਾਂ ਬੱਬਰਾਂ ਵੱਲੋਂ ਬਿਧੀ ਸਿੰਘ ਨਾਮ ਦੀ ਬਖਸ਼ਿਸ਼ ਹੋਈ ਅਤੇ ਇਥੇ ਜਰਮਨੀ ਵਿਚ ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਸੇਵਾ ਸ਼ੁਰੂ ਕਰਨ ਦਾ ਸਬੱਬ ਬਣਿਆਂ। ਹਾਂ ਜਨਮ ਤੋਂ ਬਖਸ਼ਿਸ਼ ਮਿਲੇ ਅਤਿ ਪਵਿਤਰ ਅਤੇ ਚੰਗੇ ਨਾਮ ਨਿਰਮਲ ਸਿੰਘ ਨੂੰ ਉਸ ਦਿਨ ਅਰਦਾਸ ਨਾਲ ਗੁਰੂ ਦੀ ਇਮਾਨਤ ਕਰ ਆਇਆ ਸਾਂ ਜਿਸ ਦਿਨ ਇਸ ਆਤਮਾਂ ਨੇ ਦੂਜਿਆਂ ਦੇ ਸਮਾਜਵਾਦੀ ਰਾਹ ਦਾ ਪ੍ਰਭਾਵ ਕਬੂਲ ਕਰ ਲਿਆ ਸੀ ਅਤੇ ਅਰਦਾਸ ਸੀ ਕਿ ਸੱਚੇ ਪਿਤਾ ਤੇਰੀ ਬਖਸ਼ਿਸ਼, ਮੈਂ ਆਪਣਾਂ ਇਹ ਪਵਿਤ੍ਰ ਨਾਮ, ਤੇਰੇ ਕੋਲ  ਇਮਾਨਤ ਕਰ ਚੱਲਿਆ ਹਾਂ। ਇਹ ਇਮਾਨਤ ਉਸ ਦਿਨ ਮੁੜ ਚਾਹੁੰਦਾ ਹਾਂ ਜਿਸ ਦਿਨ ਇਸ ਪ੍ਰਾਣੀ ਨੂੰ ਕਿਰਦਾਰ ਤੋਂ ਇਸ ਪਵਿਤ੍ਰ ਨਾਮ ਨੂੰ ਧਰਾਉਣ ਦਾ ਅਧਿਕਾਰੀ ਕਰ ਦੇਵੇਂਗਾ। ਇਸ ਦੇ ਬਾਵਜੂਦ ਵੀ, 1984 ਤੱਕ ਵੀ ਮੇਰੇ ਮਿਹਰਬਾਨ ਨਰਵੈਰ ਨੇ ਮੈਨੂੰ ਕਦੇ ਪਰਾਇਆ ਨਾ ਸਮਝਿਆ ਅਤੇ ਜਿਥੇ ਕੋਈ ਹੋਰ ਰੱਖ ਨਹੀਂ ਸੀ, ਉਥੇ ਆਪਣੀ ਰੱਖ ਨੂੰ ਪ੍ਰਤੱਖ ਕਰਨਾਂ ਨਾ ਛੱਡਿਆ।
ਜੇ ਹੁਣ ਆਪਣੇ ਵਾਰੇ ਸ਼ੁਰੂ ਹੋ ਹੀ ਗਈ ਹੈ ਤਾਂ ਇਕ ਵਾਰ ਜਰੂਰੀ ਨੂੰ ਇਥੇ ਕਹਿ ਹੀ ਦਿੱਤਾ ਜਾਵੇ, ਅਪਣੇ ਵਾਰੇ ਦੇ ਕਾਂਡ ਨੂੰ ਸਮਾਪਤ ਕਰਨ ਲਈ ਤਾਂ ਜੋ ਭਵਿਖ ਵਿਚ ਆਪਣੇ ਪੰਥ ਨਾਲ ਜੇ ਹੈ ਤਾਂ ਪੰਥਕ ਵਿਚਾਰ ਹੀ ਹੋ ਸਕੇ।
ਨਾਮ 'ਨਿਰਮਲ ਸਿੰਘ' ਦੀ ਬਖਸ਼ਿਸ਼ ਹੋਣ ਦਾ ਕਿੱਸਾ: ਦਾਸ ਨੂੰ ਜਨਮ ਤੋਂ ਹੀ ਕਾਕਾ ਕਹਿ ਕੇ ਪੁਕਾਰਨਾਂ ਸ਼ੁਰੂ ਕਰ ਦਿੱਤਾ ਗਿਆ। ਜਦ ਮਾਂ ਨੇ ਇਕ ਦਿਨ ਮੇਰੇ ਬਾਪ ਨੂੰ ਕਿਹਾ ਕਿ ਐ ਮੇਰੇ ਪਤੀ ਪਰਮੇਸ਼ਰ, ਇਸ ਅਪਣੇ ਕਾਕੇ ਦਾ ਕੋਈ ਨਾਮ ਰੱਖੋ ਤਾਂ ਬਾਪ ਨੇ ਇਹ ਜ਼ਿਮੇਵਾਰੀ ਇਹ ਕਹਿਕੇ ਲੈਣੋਂ ਇਨਕਾਰ ਕਰ ਦਿੱਤੀ ਕਿ ਇਸ ਦਾ ਨਾਮ ਤੇਰੇ ਪਿਤਾ ਜੀ ਸੰਤ ਹਰੀ ਦਾਸ ਹੀ ਰੱਖਣਗੇ। ਜਦੋਂ ਮਾਂ ਨੇ ਨਾਨਕੀ ਗਈ ਹੋਣਾਂ ਤਾਂ ਆਪਣੇ ਪਿਤਾ ਨੂੰ ਯਾਦ ਦਿਲਾਣੀਂ ਕਿ ਉਸ ਦੇ ਪੁੱਤਰ ਕਾਕੇ ਦਾ ਉਨਾਂ ਕੋਈ ਨਾਮ ਰੱਖਣਾਂ ਹੈ। ਨਾਨਾਂ ਜੀ ਨੇ 'ਕੋਈ ਗਲ ਨਹੀਂ, ਇਹ ਕਿਹੜਾ ਭੱਜ ਚੱਲਿਆ ਹੈ, ਰੱਖ ਹੀ ਹੋ ਜਾਵੇਗਾ ਇਸ ਦਾ ਨਾਮ' ਆਦਿ ਮਾਂ ਨੂੰ ਕਹਿਕੇ ਬਰਾ ਦੇਣਾਂ। ਇਸ ਤਰਾਂ ਜਦ ਦਾਸ ਦੀ ਉਮਰ ਦੋ ਸਾਲ ਵੀ ਟੱਪ ਗਈ ਤਾਂ ਇਕ ਦਿਨ ਮਾਂ ਨਾਨਕੇ ਗਈ ਹੋਈ ਸੀ। ਮਾਂ ਨੇ ਆਪਣੇ ਬਾਪ ਨੂੰ ਫਿਰ ਯਾਦ ਕਰਵਾਇਆ ਕਿ ਕਾਕੇ ਦਾ ਨਾਮ ਰੱਖਣਾਂ ਹੈ ਤਾਂ ਕੁਦਰਤੀਂ ਕੁਝ ਦਿਨਾਂ ਤੋਂ ਇਸ ਨਿਰਮਲੇ ਸੰਤਾਂ ਦੇ ਡੇਰੇ ਕੁਝ ਸੰਤਾ ਸਾਧੂਆਂ ਦਾ ਇਕ ਟੋਲਾ ਆਕੇ ਠਹਿਰਿਆ ਹੋਇਆ ਸੀ। ਨਾਨਾ ਜੀ ਇਸ

ਕਾਕੇ ਨੂੰ ਉਨਾਂ ਕੋਲ ਲਿਜਾਕੇ ਕਹਿਣ ਲੱਗੇ ਕਿ ਐ ਸੰਤੋ ਸਾਧੂਓ, ਇਸ ਦਾਸ ਦੀ ਧੀ ਗੋਬਿੰਦ ਕੌਰ ਅਤੇ ਇਸ ਦੇ ਪਤੀ ਪ੍ਰਮੇਸ਼ਰ ਸੰਤ ਜਮਨਾਂ ਦਾਸ ਦੇ ਇਸ ਪੁਤਰ ਦਾ ਤੁਸਾਂ ਨਾਮ ਰੱਖਣਾਂ ਹੈ ਤਾਂ ਉਨਾਂ ਵੱਲੋਂ ਆਪਸ ਵਿਚ ਵਿਚਾਰ ਕਰਕੇ ਇਸ ਕਾਕੇ ਦਾ ਨਾਮ ਨਿਰਮਲ ਸਿੰਘ ਰੱਖਿਆ ਗਿਆ।

ਪੰਜਾਬ ਰਹਿੰਦੇ ਨਿਰਮਲ ਸਿੰਘ ਤੋਂ ਨਿਮੀ ਕਮਲ ਹੋ ਗਿਆ ਅਤੇ ਜਰਮਨ ਇਸ ਨਾਮ ਨਾਲ ਇਕ ਹੋਰ ਉਪਨਾਮ ਬਿਧੀ ਸਿੰਘ ਬੱਬਰ ਮਿਲ ਗਿਆ। ਪਰ ਵਾਹਿਗੁਰੂ ਨੂੰ ਅਜੇ ਪਹਿਲੋਂ ਹੀ ਹੱਥ ਫੜਾਈ ਕਲਮ ਨਾਲ ਹੀ ਇਥੇ ਰਹਿ ਸੇਵਾ ਮਨਜ਼ੂਰ ਸੀ। 1987 ਵਿਚ ਜਰਮਨ ਜੀਵਨ ਸਾਥੀ ਨਾਲ ਵਿਆਹ ਮਗਰੋਂ ਮੇਰੇ ਨਾਮ ਨਿਮੀ ਕਮਲ ਨਾਲ, ਮੇਰੇ ਸੌਹਰੇ ਪ੍ਰਵਾਰ ਦਾ ਜਰਮਨ ਨਾਮ ਫੇਹਰਨਬੱਖ ਲੱਗ ਗਿਆ।

ਭਾਰਤ ਦੀ ਵੰਡ ਤੋਂ ਪਹਿਲੇ ਪਿਤਾ ਜੀ ਦੇ ਬਰੱਕਤ ਬਿਰਦ ਮਾਮਾਂ ਜੀ ਪਿੰਡ ਨਰੂੜ ਨਿਰਮਲ ਕੁਟੀਆ ਡੇਰੇ ਦੀ ਸੇਵਾ ਸੰਭਾਲ ਅਤੇ ਗੁਰਬਾਣੀ ਦਾ ਪ੍ਰਚਾਰ ਕਰਦੇ ਆ ਰਹੇ ਸਨ। ਉਨਾਂ ਦੇ ਸਰੀਰ ਤਿਆਗਣ ਮਗਰੋਂ ਇਸ ਡੇਰੇ ਦੀ ਜ਼ਿਮੇਵਾਰੀ ਬਰੱਕਤ ਤਾਇਆ ਸੰਤ ਪੂਰਨ ਦਾਸ ਜੀ ਨੂੰ ਸੌਂਪੀ ਗਈ। ਕਿਉਂਕਿ ਮੇਰੇ ਪਿਤਾ ਜੀ ਆਪਣੇ ਪਿਤਾ ਸੰਤ ਆਤਮਾਂ ਰਾਮ ਜੀ ਦੇ ਪੁਛਣ ਉਤੇ ਬਰੱਕਤ ਨਾ ਰਹਿਣ ਦੀ ਦ੍ਰਿੜਤਾ ਪ੍ਰਗਟਾਕੇ, ਪਾਕਿਸਤਾਨ ਵਿਚ ਬਾਰ ਦੇ ਇਲਾਕੇ ਵਿਚ ਰਹਿੰਦੇ ਪਹਿਲੋਂ ਹੀ ਗ੍ਰਹਿਸਤ ਜੀਵਨ ਸ਼ੁਰੂ ਕਰ ਚੁੱਕੇ ਸਨ ਅਤੇ ਆਪਣੇ ਨਿਰਮਲੇ ਸੰਤਾਂ ਦੇ ਜੱਦੀ ਪੁਰਖੀ ਡੇਰੇ ਵਿਚ ਸਹਾਇਕ ਸੰਤ ਦੇ ਤੋਰ ਤੇ ਸੇਵਾ ਵਿਚ ਹੱਥ ਜੁਟਾ ਰਹੇ ਸਨ। ਭਾਰਤ ਦੀ ਵੰਡ ਮਗਰੋਂ ਨਰੂੜ ਆਕੇ ਵੀ ਗੁਰਬਾਣੀ ਦੇ ਪ੍ਰਚਾਰ ਲਈ ਮਾਂ ਬਾਪ ਵੱਲੋਂ ਤਾਇਆ ਜੀ ਨਾਲ ਇਕ ਸਹਾਇਕ ਸੰਤ ਵਜੋਂ ਹੀ ਸੇਵਾ ਸ਼ੁਰੂ ਕੀਤੀ ਗਈ।

ਪੰਦਰਾਂ ਕੁ ਸਾਲ ਦੀ ਉਮਰ ਵਿਚ ਤਾਇਆ ਜੀ ਦੇ ਅਕਾਲ ਚਲਾਣੇਂ ਮਗਰੋਂ ਭਾਵੇਂ ਰਸਮੀ ਤੌਰ ਤੇ ਇਸ ਡੇਰੇ ਦੀ ਸੇਵਾ ਸੰਭਾਲ ਅਤੇ ਗੁਰਬਾਣੀ ਦੇ ਪ੍ਰਚਾਰ ਲਈ ਜਿਮੇਵਾਰੀ ਦੀ ਦਸਤਾਰ ਮੇਰੇ ਬਾਪ ਦੇ ਸੀਸ ਤੇ ਸਜ ਗਈ ਸੀ ਪਰ ਉਹ ਕਿਸੇ ਅਗਲੇ ਫੈਸਲੇ ਲਈ ਤੱਤਪਰ ਜਾਪਦੇ ਸਨ। ਤਿੰਨਾਂ ਭਾਈਆਂ ਚੋਂ ਛੋਟਾ ਹੋਣ ਕਰਕੇ ਪਿਤਾ ਨੂੰ ਆਖਰੀ ਆਸ ਮੇਰੇ ਤੇ ਹੀ ਰਹਿ ਗਈ ਸੀ। ਇਕ ਦਿਨ ਉਨਾਂ ਪੁੱਛਿਆ ਕਿ ਐ ਪੁਤਰ ਕੀ ਤੂੰ ਬਰੱਕਤ ਰਹਿਕੇ, ਅਪਣੇ ਨਾਮ ਨਾਲ ਸੰਤ ਲਗਾਕੇ ਅਤੇ ਇਕ ਦਿਨ ਸੰਤ ਹੋਕੇ ਆਪਣੇ ਵਡੇਰਿਆਂ ਦੇ ਇਸ ਡੇਰੇ ਗੁਰੂ ਘਰ ਨੂੰ ਸਾਂਭ ਸਕਦਾ ਹੈਂ? ਦਾਸ ਦਾ ਜਬਾਵ ਨਹੀਂ ਵਿਚ ਸੀ। ਜੇ ਇਹ ਜ਼ਿਮੇਵਾਰੀ  ਗ੍ਰਹਿਸਤ ਜੀਵਨ ਧਾਰਕੇ ਵੀ ਲੈ ਸਕਣ ਲਈ ਪੁੱਛਦੇ ਤਾਂ ਵੀ ਜਬਾਬ ਇਹ ਹੀ ਨਹੀਂ ਹੋਣਾਂ ਸੀ। ਇਸ ਲਈ ਕਿ ਕਰਤੇ ਨੇ ਆਪਣੀਂ ਅਕੱਥ ਕਥਾ ਵਿਚੋਂ ਕੁਝ ਇਕ ਹੀ ਸਮਝਾਕੇ, ਆਮ ਸੰਤ ਵੀ ਕਹਾ ਸਕਣ ਲਈ ਇਸ ਆਤਮਾਂ ਨੂੰ ਅਜੇ ਜਗਾਇਆ ਨਹੀਂ ਸੀ, ਆਪਣਾ ਰਸ ਪਿਆਇਆ ਨਹੀਂ ਸੀ।

ਹੁਣ ਤੱਕ ਨਿਰਮਲੇ ਸੰਤਾਂ ਦੀ ਕੋਈ ਨਿਜੀ ਸੰਪਤੀ, ਜਾਇਦਾਦ, ਘਰ ਮਕਾਨ ਨਹੀਂ ਹੋਇਆ ਕਰਦਾ ਸੀ। ਪ:ਕਿਸਤਾਨ ਬਣਨ ਮਗਰੋਂ ਜਿਵੇਂ ਇਸ ਪਿੰਡ ਹੋਰਨਾਂ ਨੂੰ, ਇਵੇਂ ਸਰਕਾਰ ਵੱਲੋਂ ਮੇਰੇ ਪਰਵਾਰ ਨੂੰ ਵੀ ਨੌਂ ਮਰਲੇ ਦਾ ਪਲਾਟ ਮਿਲਿਆ ਹਇਆ ਸੀ। ਇਹ ਹੀ ਹੁਣ ਤੱਕ ਪ੍ਰਵਾਰ ਦਾ ਨਿੱਜੀ ਸੀ। ਮੇਰੇ ਵੱਲੋਂ ਨਾਂਹ ਹੋ ਜਾਣ ਉਤੇ ਗਰੀਬ ਬਾਪ ਨੂੰ ਪਰਵਾਰ ਦੇ ਨਵੇਂ ਬਸੇਰੇ ਦਾ ਖਿਆਲ ਆਇਆ। ਪੰਜ ਕੁ ਸਾਲਾਂ ਵਿਚ ਇਨਾਂ ਨੌਂ ਮਰਲਿਆਂ ਉਤੇ ਇਕ ਛੋਟੇ ਜਹੇ ਮਕਾਨ ਦੀ ਤਿਆਰੀ ਕੀਤੀ  ਗਈ ਅਤੇ 1977 ਵਿਚ ਪ੍ਰਵਾਰ ਪੂਰੀ ਤਰਾਂ ਇਸ ਘਰ ਵਿਚ ਆ ਵਸਿਆ ਅਤੇ ਆਪਣੇ ਵਡੇਰਿਆਂ ਦੇ ਜੱਦੀ ਪੁਰਖੀ ਨਿਰਮਲੇ ਸੰਤਾਂ ਦੇ ਡੇਰੇ ਨੂੰ ਪਿੰਡ ਵਾਸੀਆਂ ਦੇ ਹਵਾਲੇ ਕਰ ਦਿੱਤਾ ਗਿਆ।

ਸੋ ਦਸਤਾਵੇਜ਼ ਵਿਚ ਨਿਰਮਲੇ ਸੰਤ ਸੰਪ੍ਰਦਾਏ ਦਾ ਜ਼ਿਕਰ ਹੋਣ ਕਰਕੇ ਆਪੇ ਦੀ ਪੜਚੋਲ ਕਰਨ ਦਾ ਵੀ ਮੋਕਾ ਮਿਲਿਆ ਅਤੇ ਮਨ ਵਿਚ ਇਸ ਕਰਕੇ ਨਿਰਾਸ਼ਾ ਹੋਈ ਕਿ ਹੁਣ ਮੇਰੀ ਪ*f*ੀ ਤੋਂ ਮੇਰੇ ਵਡੇਰਿਆਂ ਦੀ ਸੰਪ੍ਰਦਾਏ, ਗੁਰੂ ਵੱਲੋਂ ਆਪਣੇ ਜ਼ਿਮੇ ਲੱਗੇ ਕਾਰਜ ਨੂੰ ਬਿਨਾਂ ਨੇਪੜੇ ਚਾੜਿਆਂ ਹੀ ਤਕਰੀਬਨ ਖਤਮ ਹੋ ਚੁੱਕੀ ਹੈ। ਜੇ ਕੋਈ ਹੋਵੇਗੀ ਵੀ ਤਾਂ ਸਿਰਫ ਨਾਮ ਤੋਂ ਹੀ ਹੋਵੇਗੀ। ਇਸ ਨੂੰ ਚਲਾਉਣ ਵਾਲੇ ਸੰਤ ਹੁਣ ਪੈਦਾ ਹੋਣੇ ਬੰਦ ਹੋ ਗਏ ਨੇ ਅਤੇ ਇਹ ਹਾਲਤ ਕਰ ਦੇਣ ਲਈ ਮੈਂ ਇਨਸਾਨ ਵੀ ਜ਼ਿਮੇਵਾਰ ਹਾਂ। ਜੂਨ ਚੌਰਾਸੀ ਤੋਂ ਭਾਵੇਂ ਗੁਰੂ ਨੇ ਭਾਣਾਂ ਵਰਤਾ ਆਪਣੇ ਨਿਰਮਲੇ ਸੰਤ ਪ੍ਰਵਾਰਾਂ ਦੀ ਵੰਸ਼ ਵਿਚੋਂ ਆਖਰੀ ਇਸ ਪ੍ਰਾਣੀ ਨੂੰ ਕਲਮ ਦੇਕੇ ਕਾਰੇ ਲਾ ਰੱਖਿਆ ਹੈ, ਭਾਵੇਂ ਗ੍ਰਹਿਸਤੀ ਹੁੰਦਿਆਂ ਵੀ ਪਰਖ ਵੇਲੇ ਆਪਣੇ ਧਰਮ ਅਤੇ ਕੋਮ ਲਈ ਹਰ ਤਿਆਗ ਦੀ ਗੁਰੂ ਵੱਲੋਂ ਅਡੋਲਤਾ ਵੀ ਬਖਸ਼ਿਸ਼ ਹੈ ਪਰ ਇਹ ਕਾਰ, ਇਹ ਅਡੋਲਤਾ ਇਨਾਂ ਸਾਹਾਂ ਦੇ ਅੰਤ ਨਾਲ ਖਤਮ ਹੋ ਜਾਣੀਂ ਹੈ ਅਤੇ ਮੇਰੇ ਬਜ਼ੁਰਗਾਂ ਦੇ ਜ਼ਿਮੇ ਲੱਗਾ ਕਾਰਜ ਬਿਨਾਂ ਨੇਪਰੇ ਚੜ੍ਹਿਆਂ ਹੀ ਰਹਿ ਜਾਣਾਂ ਹੈ। ਇਸ ਨਾਲ ਹੋਰ ਦੁਖ ਅਤੇ ਨਿਰਾਸ਼ਾ ਇਹ ਵੀ ਸੀ ਕਿ ਆਪਣਾਂ ਰਾਜ ਭਾਗ ਖੁਸ ਜਾਣ ਮਗਰੋਂ ਹੁਣ ਤੱਕ ਇਹ ਸੰਪ੍ਰਦਾਏ, ਇਨਸਾਨਾਂ ਨੂੰ ਗੁਰਬਾਣੀ ਦੇ ਲੜ ਲਗ ਕੇ ਸਿਖ ਧਰਮ ਦੇ ਸਦੀਵੀਂ ਪੈਰੋਕਾਰ ਬਣ ਜਾਣ ਲਈ ਪ੍ਰਚਾਰ ਤਾਂ ਕਰ ਸਕੀ ਪਰ ਇਸ ਤੋਂ ਅੱਗੇ

ਕੁਝ ਅਜਿਹਾ ਨਹੀਂ ਜੋ ਆਪਣੇ ਗੌਰਵਮਈ ਇਤਿਹਾਸ ਵਿਚ ਦਰਜ ਹੋ ਜਾਂਦਾ। ਸਗੋਂ ਇਸ ਦੇ ਉਲਟ, ਨਿਰਮਲੇ ਸੰਤਾਂ ਦਾ ਨਾਮ, ਅੰਗਰੇਜ ਵੱਲੋਂ ਸਾਡਿਆਂ ਨੂੰ ਹੀ ਸਾਡੇ ਖਿਲਾਫ ਭੁਗਤਾ ਲਏ ਜਾਣ ਵਾਲਿਆਂ ਦੀ ਕਿਤਾਰ ਵਿਚ ਜਾ ਜੁਇਆ।

ਇਹ ਸੀ ਨਿਰਾਸ਼ਤਾ, ਜਿਸ ਨੂੰ ਜਾਗੀ ਅਜੇ ਸਾਲ ਵੀ ਨਹੀਂ ਹੋਇਆ ਸੀ, ਜੋ ਪਿਛਲੇ ਸਾਲ ਹੀ ਪੰਥ ਅੱਗੇ ਰੱਖੇ ਜਾਣ ਲਈ ਤਿਆਰ ਹੋਏ ਦਸਤਾਵੇਜ਼ ਵਿਚ ਦਰਜ ਹੋਈ ਸੀ, ਜਿਸ ਦਾ ਦਿੱਤੀ ਜਾਣ ਵਾਲੀ ਮਿਸਾਲ ਨਾਲ ਅਸਲ ਵਾਸਤਾ ਹੈ, ਪਰ ਮੁਆਫੀ ਜੋ ਇਥੇ ਤੱਕ ਆ ਸਕਣ ਲਈ, ਗੁਰੂ ਵੱਲੋਂ ਅਗਿਓਂ ਹੋ ਮਿਲਣ ਦੇ ਦਸਤੂਰ ਦੀਆਂ, ਆਪ ਮੁਹਾਰੇ ਇਕ ਦੋ ਹੋਰ ਮਿਸਾਲਾਂ ਵੀ ਬਿਆਨ ਹੋ ਗਈਆਂ।

ਵੇਖੋ ਮੇਰੇ ਗੁਰੂ ਦਾ, ਮੇਰੇ ਕਰਤੇ ਦਾ ਅੱਗਿਓ ਆ ਮਿਲਣ ਦਾ ਦਸਤੂਰ ਕਿ ਇਕ ਸਾਲ ਵੀ ਨਾਂ ਗੁਜਰਨ ਦਿੱਤਾ ਕਿ ਮੇਰੀ ਨਿਰਾਸ਼ਤਾ ਦਾ ਕਾਰਣ ਬਣੀਆਂ ਮੇਰੀਆਂ ਸਭ ਕਿਆਸ ਰਿਆਈਆਂ ਨੂੰ ਗਲਤ ਕਰਕੇ, ਨਿਰਾਸ਼ਤਾ ਦੀ ਥਾਂ ਖੁਸ਼ੀਆਂ ਅਤੇ ਅਸਾਂ ਨੂੰ ਕਰ ਦਿੱਤਾ ਹੈ। ਕਿਵੇਂ:

ਅਕਾਲ ਪੁਰਖ ਵਲੋਂ ਇਕ ਪ੍ਰਾਣੀਂ ਭਾਈ ਬਲਵੀਰ ਸਿੰਘ ਜੀ ਨੂੰ ਜਗਾ, ਰੁਹਾਨੀਅਤ ਦਾ ਰਸ ਪਿਆ, ਆਪਣੀ ਅਕੱਥ ਕਥਾ ਸਮਝਾ, ਨਿਰਮਲੇ ਸੰਤ ਦਾ ਨਾਮ ਦੇ ਕੇ, ਨਿਰਮਲੇ ਸੰਤ ਸੰਪਰਦਾਇ ਨਾਲ ਸਬੰਧਤ ਸੁਲਤਾਨਪੁਰ ਲੋਧੀ ਦੇ ਨਜ਼ਦੀਕ ਪਿੰਡ ਸਾਚੀਵਾਲ ਵਿਚ ਸਥਿਤ ਡੇਰੇ ਦੇ ਮੁਖੀ ਕਰਕੇ, ਸੰਤ ਤੋਂ ਪੂਰੇ ਜੋਰਾਂ ਸ਼ੋਰਾਂ ਨਾਲ ਆਪਣੇ ਰੱਬੀ ਵਿਰਸੇ ਦੀ ਅਤੇ ਇਸ ਬਿਧ ਆਪਣੀ ਸਾਜੀ ਸਰਿਸ਼ਟੀ ਅਤੇ ਇਨਸਾਨ ਦੀ ਸੇਵਾ ਲੈਣੀਂ ਸ਼ੁਰੂ ਕਰ ਲਈ ਹੈ ਅਤੇ ਹੁਣ ਸਗਲੀ ਸੈਨ ਨੂੰ ਤਰਾਣ ਲਈ ਹਰਿ ਕੇ ਸੰਤ ਪੈਦਾ ਹੋਣੇ ਸ਼ੁਰੂ ਹੋ ਗਏ ਨੇ। ਗੁਰੂ ਦੀਆਂ ਅਸੀਮ ਬਖਸ਼ਿਸ਼ਾਂ ਦੇ ਪਾਤਰ ਸੰਤ ਬਾਬਾ ਬਲਵੀਰ ਸਿੰਘ ਜੀ ਦੇ ਜੀਵਨ, ਕਿਰਤ ਅਤੇ ਸਿਖ ਧਰਮ ਬਾਰੇ 'ਕਾਲੀ ਵੇਈਂ ਦਾ ਨਵਾਂ ਜੀਵਨ' ਸਰਲੇਖ ਹੇਠ, ਬਹੁਤ ਹੀ ਗਿਆਨ ਭਰਭੂਰ ਅਤੇ ਅਤਿ ਪਿਅਰੇ, ਮਿੱਠੇ ਸ਼ਬਦਾਂ ਵਿਚ ਲਿਖਣ ਵਾਲੇ ਭਾਈ ਪਾਲ ਸਿੰਘ ਨੌਲੀ ਅਤੇ ਇਸ ਨੂੰ ਲੜੀਵਾਰ ਛਾਪਕੇ ਸੰਗਤਾਂ ਵਿਚ ਲਿਜਾਣ ਵਾਲੇ ਅਦਾਰਿਆਂ ਦਾ ਦਾਸ ਅਤੀ ਧੰਨਵਾਦੀ ਹੈ। ਇਸ ਲਿਖਤ ਵਿਚ ਨਾਨਕ ਦਰ ਦੇ ਇਸ ਦੂਤ ਨਿਰਮਲੇ ਸੰਤ, ਸੰਤ ਬਲਵੀਰ ਸਿੰਘ ਵਾਰੇ, ਉਨਾਂ ਵੱਲੋਂ ਕੀਤੀ ਜਾ ਰਹੀ ਕਿਰਤ ਵਾਰੇ ਅਤੇ ਨਿਰਮਲੇ ਸੰਤ ਸੰਪਰਦਾਏ ਵਾਰੇ ਜਾਣਕਾਰੀ ਹੀ ਨਹੀਂ ਸਗੋਂ ਇਸ ਮਹਾਨ ਲਿਖਤ ਵਿਚ ਆਪਣੇ ਰੱਬ ਵਾਰੇ, ਆਪਣੇ ਸਿਖ ਧਰਮ ਅਤੇ ਆਪਣੇ ਇਤਿਹਾਸ ਵਾਰੇ ਵੀ ਅਨਮੋਲ ਗਿਆਨ ਹੈ।

ਸੱਚੇ ਦਿਲੋਂ ਤੁਰਿਓ ਆਪਣੇ ਸੰਤਾਂ ਸਿਖਾਂ ਸੇਵਕਾਂ ਦੇ  ਕਾਰਜ, ਅਰਦਾਸ, ਆਸ, ਖਾਹਿਸ਼ ਪੂਰੀ ਕਰਨ ਲਈ ਅਤੇ ਉਨਾਂ ਨੂੰ ਕਿਸੇ ਨਿਰਾਸ਼ਾ ਤੋਂ ਬਚਾਈ ਰੱਖਣ ਲਈ ਅਗਿਓਂ ਤੁਰੇ ਆਓਣ ਦੀ ਉਪਰੋਤਕ ਮਿਸਾਲ, ਦਾਸ ਲਈ ਅਜਿਹੀਆਂ ਮਿਸਾਲਾਂ ਦੀ ਮਾਲਾ ਵਿਚ ਜੁਇਆ ਇਕ ਹੋਰ ਸੋਹਣਾਂ ਮੋਤੀ ਹੀ ਨਹੀਂ ਸਗੋਂ ਇਸ ਮਿਸਾਲ ਦੇ ਮੁਖ ਪਾਤਰ ਸੰਤ ਬਲਵੀਰ ਸਿੰਘ ਜੀ ਅਤੇ ਉਨਾਂ ਦੀ ਕਿਰਤ ਕਮਾਈ ਨੇ ਇਸ ਅਗਿਆਨੀ ਨੂੰ 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ'  ਦੇ ਕੁਝ ਅਰਥ ਅਤੇ ਮਹੱਤਤਾ ਵੀ ਸਮਝਾ ਦਿੱਤੀ ਹੈ। (ਗੁਰਬਾਣੀਂ ਦੇ ਅੰਤਮ ਅਰਥ ਅਤੇ ਗੁਰਬਾਣੀ ਵਿਚ ਦਰਜ ਸੱਚ ਨੂੰ ਤਾਂ ਜਿਸ ਦੀ ਇਹ ਬਾਣੀ ਹੈ, ਸਿਰਫ ਉਹ ਅਕਾਲ ਪੁਰਖ ਹੀ ਜਾਣਦਾ ਹੋ ਸਕਦਾ ਹੈ)

ਪਵਣੁ ਗੁਰੂ: ਭਾਵ ਹਵਾ ਜਿਸ ਵਿਚ ਗੁਰਬਾਣੀ ਸਮਾਈ ਸਦੀਵੀਂ ਹੋਈ ਹੋਈ ਹੈ। ਜੋ ਅਕਾਲਪੁਰਖ ਦੀ ਬਖਸ਼ਿਸ਼ ਸੰਤਾਂ, ਭਗਤਾਂ, ਪੀਰਾਂ ਫਕੀਰਾਂ ਨੂੰ ਹਵਾ ਵਿਚ ਪਹਿਲੋਂ ਹੀ ਮਾਜੂਦ ਸੁਣਾਈ ਦਿੱਤੀ ਅਤੇ ਅੰਕਤ ਹੋਈ। ਹਵਾ ਇਨਸਾਨ ਦੇ ਅਤੇ ਬਹੁਤ ਸਾਰੇ ਜੀਵ ਜੰਤੂਆਂ ਅਤੇ ਬਨਸਪਤੀ ਦੇ ਪ੍ਰਾਣ ਵੀ ਹੈ।

ਪਾਣੀ ਪਿਤਾ: ਵੇਈਂ ਭਾਵ ਵਗਦੇ ਪਾਣੀ ਵਿਚ ਡੁਬਕੀ ਸਮੇਂ ਗੁਰੂ ਨਾਨਕ ਦੇਵ ਜੀ ਨਾਲ ਅਕਾਲ ਪੁਰਖ ਦੀ ਮਿਲਣੀ ਹੋਈ ਅਤੇ ਉਸ ਦੀ ਬੁੱਧ ਦੇ ਬਾਹਰੀ ਸਰੂਪ 'ਸਿਖ ਮੱਤ' ਨੂੰ ਇਸ ਧਰਤ ਉਤੇ ਪ੍ਰਗਟਾਣ ਦਾ ਸੰਦੇਸ਼ ਮਿਲਿਆ ਅਤੇ ਬਾਕੀ ਬਾਣੀਂ ਨੂੰ ਦਸ ਜਾਮਿਆਂ ਵਿਚ ਹਵਾ ਚੋਂ ਸੁਣਕੇ ਰਚਤ ਕਰਨ ਦੀ ਬਖਸ਼ਿਸ਼ ਹੋਈ। ਪਾਣੀਂ ਇਨਸਾਨ, ਹੋਰ ਜੀਵ ਜੰਤੂਆਂ ਅਤੇ ਬਨਸਪਤੀ ਦੇ ਪ੍ਰਾਣਾਂ ਨੂੰ ਜਨਮ ਦੇਣ ਵਾਲਾ, ਚਾਲੂ ਰੱਖਣ ਵਾਲਾ, ਇਨਾਂ ਦੀ ਸੰਭਾਲ ਕਰਨ ਵਾਲਾ ਪਿਤਾ ਵੀ ਹੈ।

ਮਾਤਾ ਧਰਿਤ ਮਹਤੁ: ਇਨਸਾਨ, ਚੋਰਾਸੀ ਲੱਖ ਜੂਨ, ਬਨਾਸਪਤੀ ਭਾਵ ਜੀਵਨ ਇਸ ਮਾਂ ਤੋਂ ਬਿਨਾਂ ਅਸੰਭਵ ਹੈ। ਇਹ ਧਰਤ ਮਾਂ ਹੈ ਤਾਂ ਪਿਤਾ ਪਾਣੀ ਦੀ ਆਸ ਅਤੇ ਦੋਹਾਂ ਦੇ ਮਿਲਾਪ ਤੋਂ ਹੀ ਜੀਵਨ ਦੇ ਮੁੰਢਲੇ ਤੱਤ। ਇਹ ਧਰਤ ਮਾਂ, ਪਿਤਾ ਪਾਣੀ  ਨਾਲ ਮਿਲਕੇ ਜੀਵਨ ਦੀ ਜਨਮਦਾਤੀ ਵੀ, ਜੀਵਨ ਨੂੰ ਜਾਰੀ ਰੱਖਣ ਵਾਲੀ ਵੀ ਅਤੇ ਸਰਬੱਤ ਦੇ ਜੀਵਨ ਦੀ ਰਿਜਕ ਨਾਲ ਪ੍ਰਵਰਿਸ਼ ਕਰਨ ਵਾਲੀ ਵੀ।

ਅੱਜ ਜਿਸ ਰੂਪ ਵਿਚ ਇਹ ਧਰਤ ਸੰਸਾਰ, ਇਨਸਾਨ, ਜੂਨਾਂ ਅਤੇ ਪ੍ਰਕ੍ਰਿਤੀ ਨੂੰ ਵੇਖ ਰਹੇ ਹਾਂ, ਸਿਰਜਣਹਾਰ ਵੱਲੋਂ ਇਸ ਨੂੰ ਇਥੋਂ ਤੱਕ ਪਹੁੰਚਣ ਲਈ, ਤਾਂ ਕਿ ਉਹ ਆਪਣੀਂ ਬੁੱਧ, ਸਿਖ ਮੱਤ ਨੂੰ ਪ੍ਰਗਟਾ ਸਕੇ, ਕਿੰਨੇ ਕੁ ਕਰੋੜਾਂ, ਅਰਬਾਂ ਵਰੇ ਦਾ ਸਮਾਂ ਬੀਤ ਗਿਆ ਹੈ, ਅਸਲ ਵਿਚ ਇਸ ਸਭ ਦਾ ਰਚਣਹਾਰਾ ਹੀ ਜਾਣਦਾ ਹੋ ਸਕਦਾ ਹੈ।

ਜੀਵਨ ਦੀ ਦਾਤ ਲਈ ਸੱਭ ਤੋਂ ਜਰੂਰੀ, ਮਹਾਨ ਅਤੇ ਅਨਮੋਲ ਵਿਰਸਾ ' ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ' ਹੈ ਜੋ ਅਕਾਲ ਪੁਰਖ ਵੱਲੋਂ ਆਪਣੀਂ ਬੁੱਧ, 'ਸਿਖ ਮੱਤ' ਨੂੰ ਪ੍ਰਗਟਾਕੇ, ਇਸ ਦੇ ਪੈਰੋਕਾਰ, ਖਾਲਸ ਇਨਸਾਨ 'ਸਿਖ' ਦੇ ਹਵਾਲੇ, ਸੇਵਾ ਸੰਭਾਲ ਲਈ ਕੀਤਾ ਹੋਇਆ ਹੈ। ਜੇ ਇਸ ਧਰਤ ਤੇ ਜੀਵਨ ਹੀ ਨਹੀਂ ਤਾਂ ਅਕਾਲ ਪੁਰਖ ਨੇ ਅਧਾਰ ਕਿਸ ਦਾ ਕਰਨਾਂ ਹੈ?

ਪਵਣੁ, ਜਿਸ ਵਿਚ ਸਦੀਵੀਂ ਗੁਰੂ ਦੀ ਬਾਣੀਂ ਦਾ ਵਾਸਾ ਹੋਣ ਕਰਕੇ ਗੁਰੂ ਵੀ ਹੈ, ਉਸ ਨੂੰ ਨਿਰਮਲ ਰਹਿਣ ਦੇਣ ਦੀ ਥਾਂ, ਰਸਾਇਣਕ ਪਦਾਰਥਾਂ ਦੀ ਜਹਿਰ ਨਾਲ ਜਹਿਰੀਲੀ ਕਰ ਦੇਣਾਂ, ਜੀਵਨ ਲਈ ਚਾਹੀਦੇ ਪ੍ਰਾਣਾਂ ਨੂੰ ਜਹਰੀਲੇ ਕਰ ਦੇਣਾਂ ਹੈ। ਇਹ ਪ੍ਰਾਣ ਜਿਸ ਸਰੀਰ ਵਿਚ ਹਨ, ਉਸ ਸਰੀਰ ਨੂੰ ਬੀਮਾਰ ਕਰ ਦੇਣਾਂ ਹੈ।

ਨਿਰਮਲ ਪਾਣੀ ਪਿਤਾ ਨੂੰ ਰਸਾਇਣਕ ਪਦਾਰਥਾਂ ਦੀ ਅਤੇ ਆਪਣੇ ਹੀ ਮੱਲ ਮੂਤਰ ਦੀ ਗੰਦਗੀ ਦੀ ਜ਼ਹਿਰ ਨਾਲ ਭਰ ਦੇਣਾਂ, ਜਿਸ ਨੇ ਮਾਂ ਧਰਤ ਨਾਲ ਮਿਲਕੇ ਜੀਵਨ ਨੂੰ ਜਨਮ ਦੇਣਾ ਹੈ, ਇਸ ਨੂੰ ਜਾਰੀ ਰੱਖਣਾਂ ਹੈ, ਇਸ ਨੂੰ ਆਪਣੀ ਪਦਾਇਸ਼ ਰਿਜਕ ਨਾਲ ਇਸ ਦੀ ਸੰਭਾਲ ਕਰਨੀ ਹੈ, ਉਸ ਪਿਤਾ ਨੂੰ ਜਹਿਰ ਦੇ ਦੇ ਇਕ ਦਿਨ ਬੀਮਾਰ ਕਰ ਦੇਣਾਂ ਹੈ। ਜੇ ਬਾਪ ਹੀ ਜਹਿਰ ਦੇ ਦੇ ਬੀਮਾਰ ਕਰ ਦਿੱਤਾ ਤਾਂ ਬੀਮਾਰ ਬਾਪ ਨਾ ਤੇ ਆਪਣੀ ਸੰਤਾਨ ਨੂੰ ਹੀ ਅਗਲੀਆਂ ਪ*f*ਿਆਂ ਵਿਚ ਬੀਮਾਰ ਜਨਣੋਂ ਬਚਾ ਸਕਦਾ ਹੈ ਅਤੇ ਨਾ ਹੀ ਬੀਮਾਰ ਬਾਪ ਜੀਵਨ ਦੀ ਰਾਖੀ ਹੀ ਬਹੁਤੀ ਦੇਰ ਕਰ ਸਕਦਾ ਹੈ।

ਜੇ ਬਾਪ ਪਾਣੀ ਜ਼ਹਰੀਲਾ ਬੀਮਾਰ ਹੈ ਤਾਂ ਕਰ ਦਿੱਤਾ ਗਿਆ ਇਸ ਵੱਲੋਂ ਮਾਂ ਧਰਤ ਦੀ ਨਿਰਮਲ ਕੁੱਖ ਨੂੰ ਵੀ ਜ਼ਹਰੀਲਾ, ਬੀਮਾਰ। ਉਸ ਮਾਂ ਧਰਤ ਨੂੰ ਜ਼ਹਰੀਲਾ ਬੀਮਾਰ, ਜਿਸ ਨੇ ਆਪਣੇ ਮਾਲਿਕ ਦੀ ਇਮਾਨਤ ਇਨਸਾਨ, ਹਰ ਜੂਨ ਦੇ ਹਰ ਜੀਵ ਜੰਤੂ ਅਤੇ ਪ੍ਰਕ੍ਰਿਤੀ ਵਿਚ ਜੀਵਨ ਨੂੰ ਜਾਰੀ ਰੱਖਣਾਂ ਹੈ ਅਤੇ ਨਿਰਮਲ ਰਿਜਕ ਦੇਕੇ ਪਾਲਣਾਂ ਹੈ। ਹੁਣ ਜ਼ਹਰੀਲੀ ਬੀਮਾਰ ਮਾਂ ਧਰਤ ਦੀ ਪਦਾਇਸ਼ 'ਰਿਜਕ' ਵਿਚ ਵੀ ਹਰ ਇਨਸਾਨ, ਹਰ ਜੂਨ ਦੇ ਹਰ ਜੀਵ ਜੰਤੂ ਅਤੇ ਪ੍ਰਕ੍ਰਿਤੀ ਨੂੰ ਵੀ ਜਹਿਰ ਹੀ ਮਿਲੇਗੀ ਅਤੇ ਅਗੋਂ ਇਸ ਦੀ ਪਦਾਇਸ਼ ਵਿਚ ਵੀ ਜਨਮ ਤੋਂ ਜਹਿਰ ਹੀ ਹੋਵੇਗੀ। ਇਸ ਤਰਾਂ ਅਸੀਂ ਆਪਣੇ ਹੀ ਹੱਥੀਂ, ਆਪਣੇ ਪ੍ਰਮਾਤਮਾਂ ਦੀ ਆਪਣੇ ਲਈ ਦਾਤ ਜੀਵਨ ਨੂੰ ਜਹਿਰ ਦੇਕੇ ਬੀਮਾਰ ਕਰਕੇ ਖਤਮ ਤਾਂ ਕਰਨਾਂ ਹੀ ਹੈ ਪਰ ਬੇਦੋਸ਼ੀ ਚੌਰਾਸੀ ਲੱਖ ਜੂਨ ਦੇ ਜੀਵ ਜੰਤੂਆਂ ਅਤੇ ਪ੍ਰਕਿਰਤੀ ਵਿਚ ਜੀਵਨ ਨੂੰ ਵੀ ਆਪਣੇ ਨਾਲ ਹੀ ਖਤਮ ਕਰ ਰਹੇ ਹੋਵਾਂਗੇ। ਹਾਂ, ਜੇ ਕਿਸੇ ਹੋਰ ਗ੍ਰਹਿ ਜੀਵਨ ਹੋਇਆ ਤਾਂ ਉਨਾਂ ਲਈ ਇਹ ਧਰਵਾਸ ਜਰੂਰ ਛੱਡ ਜਾਵਾਂਗੇ ਕਿ ਇਸ ਨਰਜੀਵ ਵੀਰਾਨ ਧਰਤ ਉਤੇ ਕਦੇ ਜੀਵਨ ਸੀ ਅਤੇ ਸਬੂਤ ਕਿ ਇਥੇ ਵਸਦੇ ਇਨਸਾਨ ਨੇ ਆਪਣੇ ਹੱਥੀਂ ਜੀਵਨ ਨੂੰ ਜਹਿਰ ਨਾਲ ਬੀਮਾਰ ਕਰਕੇ ਖਤਮ ਕਰ ਲਿਆ ਸੀ।

ਸੋ ਖਾਲਸਾ ਪੰਥ ਦਾ ਵਿਰਸਾ ਜਿਥੇ ਸਿਰਜਣਹਾਰ ਦੀ ਬੁਧ ਦਾ ਪ੍ਰਗਟਾ 'ਸਿਖ ਮੱਤ' ਹੈ ਇਸ ਤੋਂ ਪਹਿਲੇ ਮਿਲੀ ਕਾਦਰ ਦੀ ਕੁਦਰਤ ਵਿਚ ਬਖਸ਼ਿਸ ਜੀਵਨ ਵੀ ਖਾਲਸਾ ਪੰਥ ਦਾ ਵਿਰਸਾ ਅਤੇ ਵਿਰਾਸਤ ਹੈ ਜਿਸ ਦੀ ਸੰਭਾਲ ਕਰਨਾਂ ਵੀ ਖਾਲਸਾ ਪੰਥ ਦੇ ਜ਼ਿਮੇ ਹੈ। ਪਰ ਫਿਰ ਵੀ ਹੋਰ ਤਾਂ ਕੀ, ਗੁਰੂਆਂ ਦੀ ਧਰਤ ਵਸਦੇ ਬਸ਼ਿੰਦਿਆਂ ਹੀ ਆਪਣੇ ਪਵਣੁ ਗੁਰੂ ਨੂੰ, ਪਿਤਾ ਪਾਣੀ ਨੂੰ ਅਤੇ ਮਾਤਾ ਧਰਤ ਨੂੰ ਜ਼ਹਿਰੀਲੀ ਕਰਕੇ ਬੀਮਾਰ ਕਰਨ ਲਈ ਤੁਰਿਆਂ ਕੋਈ ਕਸਰ ਨਹੀਂ ਛੱਡੀ।

ਹਵਾ, ਪਾਣੀ ਅਤੇ ਧਰਤ ਸਰਬੱਤ ਦਾ ਹੈ। ਖਾਲਸਾ ਪੰਥ ਵੱਲੋਂ ਇਨਾਂ ਦੀ ਸੁਧਤਾ ਨਾਲ ਜੀਵਨ ਦੀ ਸੰਭਾਲ ਕਰਨਾਂ, ਸਰਬੱਤ ਦਾ ਭਲਾ ਕਰਨਾਂ ਹੈ।

ਜੇ ਸਿਖ ਹੋ, ਸਿਖੀ ਕਿਰਦਾਰ ਤੇ ਸਿਖ ਦਾ 100% ਪਹਿਰਾ ਨਹੀਂ ਤਾਂ ਅਜੇ ਸਿਖ ਅਧਿਆਤਮਕ ਤੌਰ ਤੇ ਬੀਮਾਰ ਹੈ। ਅਧਿਆਤਮਕ ਪੱਖੋਂ ਅਤੇ ਸਰੀਰਕ ਪੱਖੋਂ ਤੰਦਰੁਸਤ ਖਾਲਸਾ ਪੰਥ ਹੀ ਪਾਤਸ਼ਾਹੀ ਤੱਕ ਦਾ ਸੰਘਰਸ਼ ਲੜ ਸਕਦਾ ਹੈ, ਜਿੱਤ ਪ੍ਰਾਪਤ ਕਰ ਸਕਦਾ ਹੈ ਅਤੇ ਸੰਸਾਰ ਦੇ ਅਧਾਰ ਦੀ ਬੁਨਿਆਦ ਧਰ ਸਕਦਾ ਹੈ।

ਦਾਸ ਦੇ ਲਈ ਸਿਖ ਹੋਣਾਂ, ਰਹਿਤ ਮਰਯਾਦਾ ਵਿਚ ਦਰਜ ਚਾਰ ਬੱਜਰ ਕੁਰਿਹਤਾਂ ਤੋਂ ਬਚਣ ਦੇ ਨਾਲ ਨਾਲ, ਆਪਣੇ ਗੁਰੂ ਦੀ ਪੂਰੀ ਹੀ ਬਾਣੀ ਵਿਚ ਦਰਜ ਉਪਦੇਸ਼ਾਂ ਅਤੇ ਹਦਾਇਤਾਂ ਤੇ ਪਹਿਰਾ ਦੇਣਾਂ ਹੈ ਅਤੇ ਹਰ ਮਾੜੇ ਕਹੇ ਨੂੰ ਤਿਆਗਣਾਂ ਹੈ।

ਪੰਥ ਦੇ ਅਨਥੱਕ, ਅਡੋਲ ਅਤੇ ਅਣਖੀ ਜਰਨੈਲ ਭਾਈ ਸਿਮਰਨਜੀਤ ਸਿੰਘ ਮਾਨ ਵੱਲੋਂ ਨਰਵੈਰ ਹੋਣ ਦਾ ਬਹੁਤ ਵੱਡਾ ਸਬੂਤ ਦਿੰਦਿਆਂ, ਦਮਦਮੀ ਟਕਸਾਲ ਦੇ ਨਵੇਂ ਕਾਰਜਕਾਰੀ ਮੁੱਖੀ ਬਾਬਾ ਹਰਨਾਮ ਸਿੰਘ ਧੁਮਾਂ ਜੀ ਨੂੰ ਹੀ ਮਾਨਤਾ ਦੇਣ ਕਰਕੇ ਅਤੇ ਉਨਾਂ ਦੇ ਦਲ, ਹੋਰ ਜਥੇਬੰਦੀਆਂ ਅਤੇ ਸਿੰਘਾਂ ਵੱਲੋਂ ਪੰਥ ਉਤੇ ਅੰਦਰੋਂ ਬਾਹਰੋਂ ਹੋ ਰਹੇ ਘਿਨਾਉਣੇ ਵਾਰਾਂ ਦਾ

ਸਿਖੀ ਸਿਦਕ ਅਤੇ ਦ੍ਰਿੜਤਾ ਨਾਲ ਮੁਕਾਬਲਾ ਕਰਨ ਕਰਕੇ ਅਤੇ ਭਾਰਤ ਦੇ ਗਣਤੰਤਰ ਦਿਵਸ ਉਤੇ ਦਲ ਖਾਲਸਾ ਦੇ ਸਿੰਘਾਂ ਵੱਲੋਂ ਤਰੰਗੇ ਦੀ ਥਾਂ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦੇ ਖਾਲਸਾਈ ਨਿਸ਼ਾਨ ਸਾਹਿਬ ਨੂੰ ਸਲਾਮੀ ਦੇਕੇ, ਖਾਲਸਾ ਰਾਜ ਲਈ ਸਿਖਾਂ ਦੇ ਮਨਾਂ ਵਿਚਲੇ ਵਿਦਰੋਹ ਨੂੰ ਖੁੱਲਕੇ ਪ੍ਰਗਟਾਉਣ ਕਰਕੇ, ਦਾਸ ਸਮੂਹ ਦਾ ਅਤੀ ਧੰਨਵਾਦੀ ਹੈ ਅਤੇ ਰਿਣੀ ਹੈ। ਅਕਾਲ ਪੁਰਖ ਓਨਾਂ ਪਿਆਰਿਆਂ ਦਾ ਹੀ ਮੇਲ ਕਰਵਾਣ ਜੋ ਪੰਥ ਦੇ ਤਸੱਵਰ ਨੂੰ ਸੱਚ ਕਰਨ ਲਈ ਨਿੱਤਰੇ ਹੋਏ ਨੇ, ਜਿੰਨਾਂ ਦੇ ਦਰਸ਼ਨਾਂ ਚੋਂ, ਜਿਨਾਂ ਦੇ ਬੋਲਾਂ ਚੋਂ ਆਪਣੇ ਇਨਕਲਾਬੀ ਗੁਰੂ ਦੇ ਦਰਸ਼ਨ ਦਿਦਾਰੇ ਹੁੰਦੇ ਨੇ, ਨਾ ਕਿ ਕਿਸੇ ਕਾਰੂ, ਪੰਥ ਧ੍ਰੋਹੀ ਬਾਦਲ ਦਲੀਆਂ ਦੇ ਜਾਂ ਇਨਾਂ ਦੇ ਹਮਾਇਤੀਆਂ ਦੇ, ਨਾਂ ਕਿ ਉਨਾਂ ਦੇ, ਜਿਨਾਂ ਦੇ ਮਨਾਂ ਵਿਚ ਕੁਝ ਹੋਰ ਅਤੇ ਮੁਖ ਹੋਰ ਹੈ।

ਦਾਸ ਉਨਾਂ ਸਭ ਉਦਮੀ ਸਿੰਘਾਂ ਅਤੇ ਅਦਾਰਿਆਂ ਦਾ ਅਤਿ ਧੰਨਵਾਦੀ ਅਤੇ ਰਿਣੀ ਹੈ ਜਿਨਾਂ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਨੁਵਾਦ ਭਾਰਤ ਦੀਆਂ ਹੋਰ ਭਾਸ਼ਾਵਾਂ ਵਿਚ ਕਰਵਾਣ ਦਾ ਮਹਾਨ ਉਦਮ ਅਰੰਭਿਆ ਹੈ। ਦਾਸ ਉਸ ਹਰ ਪ੍ਰਾਣੀ ਦਾ ਹਮੇਸ਼ਾਂ ਧੰਨਵਾਦੀ ਹੈ, ਰਿਣੀ ਹੈ ਜੋ ਇਸ ਮਹਾਨ ਕਾਰਜ ਦੀ ਪੂਰਤੀ ਲਈ ਆਪਣਾਂ ਯੋਗਦਾਨ ਪਾ ਰਿਹਾ ਹੈ।

ਗੁਰੂ ਪੰਥ ਦਾ ਦਾਸ,

ਐਨ. ਕਮਲ ਫੇਹਰਨਬੱਖ,
ਉਰਫ ਬਿਧੀ ਸਿੰਘ ਬੱਬਰ
N. Kamal-Fehrenbach
Schöne Aussicht 74a
65760 Eschborn - Niederhöchstadt
Tel: 06173 67103, Fax: 06173 640321, eMail : ef-nk@t-online.de

ਨੋਟ: ਇਸ ਨਾਲ ਤਿੰਨ ਗਜਲਾਂ। ਇਕ ਇਥੇ: 1980 ਤੱਕ ਭਾਰਤ ਰਹਿੰਦੇ, ਲਿਖ ਹੋਏ ਪਰ ਅਣਛਪੇ ਕਾਵਿ ਸੰਗ੍ਰਹਿ ਵਿਚੋਂ। ਬਾਕੀ ਦੋ 1984 ਤੋਂ 1991 ਤੱਕ ਲਿਖ ਹੋਏ ਅਤੇ ਛਪੇ ਕਾਵਿ ਸੰਗ੍ਰਹਿ ' ਜਾਲਮ ਨੂੰ ਵੰਗਾਰ' ਵਿਚੋਂ। ਦੇਸ ਪੰਜਾਬ ਦੁਆਰਾ ਕੀਤੀ ਜਾ ਰਹੀ ਮਹਾਨ ਸੇਵਾ ਨੂੰ ਸਜਦਾ। ਬੈਠਣ ਵਿਚ ਤਕਲੀਫ ਕਰਕੇ ਮੁਆਫੀ ਜੋ ਹੌਲੀ ਹੌਲੀ ਚੱਲਿਆ ਜਾ ਰਿਹਾ ਹੈ। ਜੋ ਭੁਲਾਂ ਗਲਤੀਆਂ ਨਜਰ ਆਵਨ, ਸੋਧ ਲੈਣਾਂ ਜੀ, ਜੇ ਛਪਣ ਦੇ ਕਾਵਲ ਨਜਰ ਆਵੇ। ਆਪ ਗੁਰਮੁੱਖ ਪਿਅਰੇ ਇਥੇ ਵੀ ਜਰਮਨ ਭਾਸ਼ਾ ਵਿਚ ਕਾਫੀ ਹੈ ਕਰਨ ਲਈ, ਜਿਸ ਦੀ ਵਾਹਿਗੁਰੁ ਬਿਧ ਬਣਾ ਗਏ। ਵੇਖੋ ਗੁਰੂ ਨੂੰ ਕੀ ਭਾਉਂਦਾ ਹੈ। ਬਾਕੀ ਫਿਰ, ਸਮੂਹ ਸਿੰਘਾਂ ਨੂੰ ਫਤਿਹ।

ਬਿਧੀ ਸਿੰਘ ਬੱਬਰ

ਗਜ਼ਲ

ਇਨਸਾਫ ਦਾ ਕੇਹੋ ਜਿਹਾ ਮਜਬੂਨ ਤੇਰੇ ਸ਼ਹਿਰ ਵਿਚ।
ਬੰਦੇ ਦਾ ਬੰਦਾ ਪੀ ਰਿਹਾ ਏ ਖੂਨ ਤੇਰੇ ਸ਼ਹਿਰ ਵਿਚ।
ਜ਼ਿਦਗੀ ਲੱਖਾਂ ਹੀ ਗਮ, ਪੀੜਾਂ ਤੇ ਦਰਦਾਂ ਬਣ ਗਈ,
ਹੈ ਲੈ ਗਿਆ ਲੁੱਟ ਮਾਂਦਰੀ ਸਕੂਨ ਤੇਰੇ ਸ਼ਹਿਰ ਵਿਚ।
ਜੋਰਾਬਰ ਲਈ ਹਰ ਗੁਨਾਹ, ਹਰ ਜ਼ੁਲਮ ਕੋਈ ਐਬ ਨਾ,
ਮਾੜੇ ਤੇ ਲਾਗੂ ਲੱਖ ਹਨ ਕਾਨੂੰਨ ਤੇਰੇ ਸ਼ਹਿਰ ਵਿਚ।
ਨਗਮੇ ਖੁਸ਼ੀ ਦੇ ਮੋੜਦੇ ਖੋਇਓ ਜੋ ਮੁਦਤਾਂ ਤੋਂ ਮਿਰੇ,
ਮੈ ਵੀ ਆਇਆ ਆਦਮੀ ਦੀ ਜੂਨ ਤੇਰੇ ਸ਼ਹਿਰ ਵਿਚ।
ਇਸ਼ਕ ਕਦ ਸਰਮੱਦ ਦਾ ਪੁੱਠੀਆਂ ਲਹਾਉਣੋਂ ਡਰ ਰਹੇ,
ਸਾਨੂੰ 'ਕਮਲ' ਇੰਜ ਜੀਉਣ ਦਾ ਜਨੂੰਨ ਤੇਰੇ ਸ਼ਹਿਰ ਵਿਚ।